ਬਹਾਏ। ਮੇਰੀ ਪਰਵਾਨਗੀ ਬਿਨਾਂ ਏਹੁ ਸੀਸ ਤੇ ਧੜ ਕੋਈ ਨਾ ਲੈ ਜਾਵੈ। ਤਾਂ ਧੜ ਦਾ ਓਥੇ ਹੀ ਸਿਸਕਾਰੁ ਹੋਇਆ। ਤੇ ਸਿਰ ਜੁ ਹੈਸੀ ਸੋ ਸਾਹਿਬ ਨੇ ਇਕ ਸੌਦਾਗਰ ਸਿਖ ਨੂ ਸੁਪਨਾ ਹੋਇਆ। ਸੁਪਨੇ ਦੇ ਵਿਚ ਸਾਹਿਬ ਓਸ ਨੂ ਬਚਨੁ ਕੀਤਾ ਜੋ ਅਸਾਡਾ ਸਿਰ ਤੂ ਗਡੀ ਵਿਚ ਪਾਇ ਕੇ ਸਾਹਿਬ ਦਸਵੀ ਪਾਤਸਾਹੀ ਪਾਸ ਪਹੁਚਾਇ ਦੇਉ। ਤਾਂ ਓਸ ਦੇ ਪਾਸ ਮਾਲ ਦੀ ਸੌ ਗਡੀ ਹੈਸੀ। ਤਾਂ ਇਕ ਗਡੀ ਅਸਬਾਬ ਦੀ ਵਿਚ ਪਾਇ ਕੇ ਸਿਰੁ ਭੀ ਸਾਹਿਬ ਦੇ ਹਜੂਰ ਲੈ ਆਇਆ। ਤਾਂ ਸੀਸ ਦਾ ਸਿਸਕਾਰ ਮਾਖੋਵਾਲ ਹੋਇਆ।੧੫੧।

ਸਾਖੀ ਹੋਰ ਚਲੀ

ਤਾਂ ਸਿਖਾਂ ਨੇ ਭਾਈ ਮਨੀ ਸਿੰਘ ਜੀ ਹੋਰਾਂ ਪਾਸ ਪ੍ਰਸਨ ਕੀਤਾ। ਜੋ ਸਾਹਿਬ ਦਸਵੀਂ ਪਾਤਸਾਹੀ ਨੇ ਖਾਲਸਾ ਵਰਤਾਇਆ ਹੈ। ਤੇ ਦੇਵੀ ਪ੍ਰਗਟੁ ਹੋਈ। ਦੇਵੀ ਉਪਾਸਨਾ ਕੀਤੀ ਹੈ। ਸੋ ਸਾਖੀ ਕਿਰਪਾ ਕਰਿ ਕੈ ਅਸਾਨੂ ਸੁਣਾਈਐ।

ਤਾਂ ਭਾਈ ਮਨੀ ਸਿੰਘ ਜੀ ਹੋਰਾਂ ਕਹਿਆ। ਇਕ ਸਮੇ ਸਾਹਿਬ ਦਸਵੀਂ ਪਾਤਿਸਾਹੀ ਨੇ ਕਾਸੀ ਤੇ ਪੰਡਿਤੁ ਬੁਲਾਇਆ। ਓਸ ਨੂ ਬਚਨੁ ਕੀਤਾ ਭਾਈ ਛਤ੍ਰੀਆਂ ਨੇ ਜੋ ਸਸਤ੍ਰ ਛਡ ਦਿਤੇ ਹੈਨ ਤੇ ਮਲੇਛਾਂ ਨੇ ਸਸਤ੍ਰ ਫੜ ਲਏ ਹੈਨ। ਇਸ ਕਰਿ ਕੈ ਮਲੇਛਾਂ ਦਾ ਰਾਜੁ ਤੇਜੁ ਹੋਇਆ ਹੈ। ਤੇ ਅਸਾਂ ਨੇ ਸਸਤ੍ਰ ਫੇਰ ਫੜਾਇ ਕੇ ਤੇ ਰਾਜ ਮਲੇਛ ਥੋ ਫੇਰ ਲੈਣਾ ਹੈ। ਚਿਕੜ ਵਿਚੋ ਸੋਨਾ ਕਢ ਲੈਣਾ ਹੈ। ਅਸਾਨੂ ਦੇਵੀ ਕੀ ਉਪਾਸਨਾ ਕੇ ਮੰਤ੍ਰ ਕਹੁ ਜਿਸ ਕਰਿ ਕੇ ਦੇਵੀ ਪ੍ਰਤਖ ਹੋਵੈ। ਤਾਂ ਓਸ ਨੇ ਕਹਿਆ ਜੀ ਗਰੀਬ ਨਿਵਾਜ ਮਲੇਛ ਤਾਂ ਬਹੁਤੇ ਹੈਨ। ਤੇ ਸਭ ਦੇਸਾਂ ਵਿਚ ਪਸਰੇ ਹੋਏ ਹੈਨ ਤੇ ਖਾਲਸਾ ਜੀ ਹੁਣ ਸਸਤ੍ਰਾਂ ਨੂ ਪਕੜੇਗਾ। ਏਹ ਮਲੇਛਾ ਥੋ ਕਿਸ ਤਰਾਂ ਜੀਤਨਗੇ।

ਬਚਨੁ ਹੋਇਆ ਜੈਸੇ ਸ੍ਰੀ ਰਾਮ ਜੀ ਕਪਾਂ ਅਰੁ ਭਾਲਕਾਂ ਸੇ ਰਾਖਸਾਂ ਕਾ ਨਾਸ ਕਰਵਾਇਆ ਹੈ ਤੈਸੇ ਹਮ ਏਨਾ ਤਕੜੀਆਂ ਪਕੜਿਨ ਵਾਲਿਆਂ ਸੋ ਅਰ ਹਲ ਵਾਹਣ ਵਾਲਿਆਂ ਸੇ ਸਭ ਮਲੇਛਾਂ ਕਾ ਨਾਸੁ ਕਰਾਵਾਂਗੇ। ਤਾ ਓਸ ਨੇ ਕਹਿਆ ਜੀ ਗਰੀਬ ਨਿਵਾਜ ਜੇ ਤਾਂ ਬਰਸ ਰਾਤੀ ਤੁਸੀ ਨੇਮ ਕਰੋ। ਤੇ ਲਖ ਦੇਵੀ ਦਾ ਪਾਠ ਕਰਾਵੋ ਤਾਂ ਦੇਵੀ ਪ੍ਰਤਖ ਹੋਵੈ। ਤਾਂ ਸਾਹਿਬ ਨੇ ਨੈਣਾ ਦੇਵੀ ਕੇ ਟਿਲੇ ਉਤੇ ਬੈਠਾ ਕੇ ਹੋਮ ਦਾ ਅਰੰਭੁ ਕੀਤਾ। ਚੇਤ੍ਰ ਕੇ ਨੌਰਾਤਿਆ ਦੀ ਅਸਟਮੀ ਕੇ ਦਿਨ। ਜਬ ਬਰਸ ਕਾ ਦਿਨ ਪੂਰਾ ਹੋਇਆ। ਤਾਂ ਪੰਡਿਤਾਂ ਨੇ ਸਭ ਦੇਸਾਂ ਦੇ ਬ੍ਰਹਮਣ ਜਗ ਨਿਉਤੇ ਵਾਸਤੇ ਬੁਲਾਏ। ਤੇ ਸਾਹਿਬ ਨੂ ਅਰਦਾਸ ਕੀਤੀ ਜੋ ਤੁਸਾਂ ਇਕੁ ਕੋਈ ਪਵਿਤ੍ਰ ਮਨੁਖ ਦੇਵੀ ਕੇ ਹੋਮ ਵਾਸਤੇ ਤਯਾਰੁ ਕਰਨਾ। ਤਿਸ ਪਿਛੇ ਬ੍ਰਹਮ ਭੋਜ ਬ੍ਰਹਮਣਾ ਨੂ ਖਵਾਵਣਾ। ਤਾਂ ਬਚਨ ਹੋਇਆ ਏ ਪੰਡਿਤਾ ਅਸੀ ਤੈਨੂ ਹੋਮ ਦੇਵਾਂਗੇ। ਤੇ ਜਿਤ ਵੇਲੇ ਦੇਵੀ ਪ੍ਰਤਖ ਹੋਈ ਤਾਂ ਅਸੀ ਕਹਾਂਗੇ ਏਹੁ ਪੰਡਤੁ ਅਸਾਡਾ ਜੀਵੇ। ਤੇ ਜੋ ਏਹੁ ਕਹੇ ਸੋ ਅਸੀਂ ਵਰੁ ਮੰਗਾਂਗੇ। ਤਾਂ ਪੰਡਤੁ ਭੈਮਾਨ ਹੋ ਕੇ ਕਹਿਆ ਮੈ ਇਸਨਾਨੁ ਨਦੀ ਤੇ ਕਰ ਆਵਾਂ। ਤੇ ਤੁਸੀ ਹੋਮ ਕਰੋ ਤੇ ਮੰਤ੍ਰ ਪੜੋ। ਤਾਂ ਮੰਤ੍ਰ ਪੜਦਿਆ ਹੀ ਦੇਵੀ ਪ੍ਰਤਖ ਹੋਈ। ਤਾਂ ਕਰਦ ਸਾਹਿਬ ਦੇ ਹਥ ਦਿਤੀ। ਤਾਂ ਸਾਹਿਬ ਕਰਦ ਲੈ ਕੈ ਨੇਤਰ ਮੂੰਦ ਲੀਏ। ਤਾਂ ਦੇਵੀ ਲੋਪੁ ਹੋਈ। ਤੇ ਸਵਾ ਲਾਖ ਸੀਸ ਸਿਖਾਂ ਦੇ ਸਾਹਿਬ ਨੇ ਸਮਰਪਨ ਕੀਤੇ ਜੋ ਸਸਤ੍ਰਾਂ ਕਰ ਜੂਝਨਗੇ। ਤੇ ਸਸਤ੍ਰਾਂ ਦੀ ਭੇਟ ਹੋਵਨਗੇ ਸਹੀਦ ਹੋਵਨਗੇ।

ਤਾਂ ਲਾਂਗਰੀਆਂ ਆਨ ਅਰਦਾਸ ਕੀਤੀ ਜੀ ਗਰੀਬ ਨਿਵਾਜ ਲੰਗਰੁ ਤਯਾਰ ਹੈ। ਤਾਂ ਓਸ ਸਮੇ ਬ੍ਰਹਮਣ ਸਭ ਆਪੋ ਆਪਣਿਆਂ ਘਰਾਂ ਵਿਚ ਹੈਸਨ। ਤੇ ਸਿਖ ਸਭ ਹਜੂਰ ਬੈਠੇ ਹੈਸਨ। ਤਾਂ ਪ੍ਰਸਾਦੁ ਸਾਹਿਬ ਕਰਦ ਦੀ ਭੇਟ ਕਰਿ ਕੇ ਸਿਖਾਂ ਨੂ ਵਰਤਾ ਦਿਤਾ। ਤਾਂ ਬ੍ਰਹਮਣਾ ਨੂ ਖਬਰ ਹੋਈ। ਸਭੇ ਇਕਠੇ ਹੋ ਕੇ ਕਾਸੀ ਦੇ ਬ੍ਰਹਮਣ ਪਾਸ ਗਏ। ਲਗੇ ਕ੍ਰੋਧ ਕਰਨ। ਜੋ ਪ੍ਰਸਾਦ ਛੂਤ ਕਰਿ ਛਡਿਆ ਹੈ। ਤੇ ਅਸੀਂ ਖੁਧਿਅਰਥੀ ਰਹੇ ਹਾਂ। ਤਾਂ ਸਾਹਿਬ ਦੇ ਪਾਸ ਸਿਖਾਂ ਆਨ ਅਰਦਾਸ ਕੀਤੀ। ਜੋ ਬ੍ਰਹਮਣ ਬਹੁਤ ਕਲਪਦੇ ਹੈਨ। ਤਾਂ ਸਾਹਿਬ ਨੇ ਭਾਈ ਨੰਦ ਲਾਲ ਨੂ ਓਨਾ ਦੇ ਮਨਾਵਣ ਵਾਸਤੇ ਘਲਿਆ। ਤੇ ਏਹ ਸਵਯਾ ਲਿਖ ਘਲਿਆ:

ਸਵਯਾ

ਜੋ ਕਿਛ ਲੇਖੁ ਲਿਖਿਓ ਬਿਧਨਾ ਸੋਈ ਪਾਈਅਤ ਮਿਸਰ ਜੂ ਸੋਕ ਨਿਵਾਰੋ।
ਮੇਰੋ ਕਛੁ ਅਪਰਾਧੁ ਨਹੀ ਗਯੋ ਯਾਦ ਤੇ ਭੂਲ ਨ ਕੋਪ ਚਿਤਾਰੋ।
ਬਾਗੋ ਨਿਹਾਲੀ ਪਠੈ ਦੇਹੋ ਆਜੁ ਭਲੇ ਤੁਮਕੋ ਨਿਹਚੈ ਜੀਅ ਧਾਰੋ।
ਛਤ੍ਰੀ ਸਭੈ ਕ੍ਰਿਤ ਬਿਪ੍ਰਨ ਕੇ ਇਨਹੂ ਪੈ ਕਟਾਛ ਕ੍ਰਿਪਾ ਕੈ ਨਿਹਾਰੋ।੧

ਸਵਯਾ

ਜੁਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁਦਾਨ ਕਰੇ।
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।
ਇਨਹੀ ਕੇ ਪ੍ਰਸਾਦਿ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੋ ਗਰੀਬ ਕਰੋਰ ਪਰੇ।੨

ਸਵਯਾ

ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ।
ਦਾਨ ਦਯੋ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ।
ਆਗੈ ਫਲੈ ਇਨਹੀ ਕੋ ਦੀਯੋ ਜਗ ਮੋ ਜਸ ਅਉਰ ਦਇਓ ਸਭ ਫੀਕੋ।
ਮੋ ਗ੍ਰਿਹਿ ਮੈ ਤਨ ਤੇ ਮਨ ਤੇ ਸਿਰ ਲਓ ਧਨ ਹੈ ਸਭ ਹੀ ਇਨ ਹੀ ਕੋ।੩

ਦੋਹਰਾ

ਚਟ ਪਟਾਇ ਚਿਤ ਮੈ ਜਰਿਓ ਤ੍ਰਿਣ ਜਿਓ ਕ੍ਰੋਧਤ ਹੋਇ।
ਖੋਜ ਰੋਜ ਕੇ ਹੇਤ ਲਗ ਦਇਓ ਮਿਸ੍ਰ ਜੂ ਰੋਇ।੪

ਤਾਂ ਭਾਈ ਨੰਦ ਲਾਲ ਜੀ ਓਨਾ ਬ੍ਰਹਮਣਾ ਦੇ ਪਾਸ ਗਇਆ। ਤੇ ਕਹਿਓਸ ਸਾਹਿਬ ਨੇ ਬਚਨ ਕੀਤਾ ਹੈ। ਜੋ ਹੁਣ ਨਾਨਾ ਪ੍ਰਕਾਰ ਦੇ ਭੋਜਨ ਕਰ ਕੇ ਤੁਸਾਨੂ ਛਕਾਵਨੇ ਹਾਂ। ਤੇ ਬਸਤ੍ਰ ਸਭੇ ਦੇਆਂਗੇ[1]। ਤੇ ਤੁਸਾਂ ਕ੍ਰੋਧ ਨਹੀ ਕਰਨਾ। ਤੁਸੀ ਅਸਾਨੂ ਓਸ ਪ੍ਰਸਾਦ ਦੇ ਵੇਲੇ ਚਿਤੋਂ[2] ਭੁਲ ਗਏ ਹੋ। ਤਾਂ ਭਾਈ ਓਹ ਕ੍ਰੋਧ ਟਲਿਓ ਨਹੀ। ਤਾਂ ਭਾਈ ਜੀ ਨੇ ਕਹਿਆ ਸਤਿਗੁਰ ਪੂਰਨ ਬ੍ਰਹਮ ਹੈਨ। ਤੁਸੀ ਜੀਵ ਰੂਪ ਨਾ ਕਰਿ ਜਾਣੋ। ਤਾਂ ਓਨਾ ਨੇ ਕਹਿਆ ਜੋ ਸਾਹਿਬ ਨੇ ਤਾਂ ਬਚਿਤ੍ਰ ਨਾਟਕ ਵਿਚ ਕਹਿਆ

ਜੋ ਮੁਝ ਕੋ ਪ੍ਰਮੇਸਰ ਉਚਰਹੈ।
ਤੇ ਸਭ ਨਰਕ ਕੁੰਡ ਮਹਿ ਪਰਹੈ।

ਅਸੀਂ ਤੇਰਾ ਬਚਨੁ ਮੰਨੀਏ ਕੇ ਸਾਹਿਬ ਦਾ ਬਚਨ ਮੰਨੀਏ। ਤਾਂ ਭਾਈ ਜੀ

1. ਖਰੜਾ ਜੁੱਟ ਅ 2.1, ਅ 2.2: ਦੇਹਾਂਗੇ: ਅ 3.1: ਦੇਵਾਗੇ।
2. ਖਰੜਾ ਜੁੱਟ ਅ 2.1, ਅ 2.2: ਚਿਤ ਤੋ।

ਨੇ ਕਹਿਆ ਜੋ ਵਚਨੁ ਸਾਂਗੋਪਾਂਗ ਹੁੰਦਾ ਹੈ ਸੋ ਸੁਣੀਦਾ ਹੈ। ਕਿਉ ਜੋ ਪਿਛੇ ਕਹਿ ਆਏ ਹੈਨ

ਇਹ ਬਿਧ ਕਰਤ ਤਪਸਿਆ ਭਯੋ।
ਦੁਇ ਤੇ ਏਕ ਰੂਪ ਹੋਇ ਗਯੋ।

ਤਾਂ ਤੇ ਸਤਿਗੁਰਾਂ ਭਗਤਿ ਦਾ ਔਤਾਰ ਧਾਰਿਆ ਹੈ। ਜੈਸੇ ਸਵਾਂਗੀ ਸਵਾਂਗ ਧਾਰਤਾ ਹੈ। ਤਾਂ ਪਿਛਲਾ ਰੂਪ ਪ੍ਰਗਟ ਨਹੀ ਕੀਤਾ ਚਾਹਿੰਦਾ। ਤਾਂ ਓਨਾ ਨੇ ਕਹਿਆ ਜੋ ਸਾਹਿਬ ਕਰਨ ਕਾਰਨ ਹੈਸਨ ਤਾਂ ਦੇਵੀ ਦੇ ਪ੍ਰਗਟ ਹੋਇਆ ਨੇਤ੍ਰ ਕਿਉ ਮੂੰਦ ਲੀਏ। ਤਾਂ ਭਾਈ ਜੀ ਨੇ ਕਹਿਆ ਦੇਵੀ ਕੋ ਨੇਤ੍ਰਾ ਮੈ ਜਾਗਾ ਦੀਈ ਹੈ। ਤਾਂ ਖਾਲਸੇ ਜੀ ਕੇ ਨੇਤ੍ਰਾਂ ਮੈ ਦੇਵੀ ਕਾ ਨਿਵਾਸੁ ਕੀਆ। ਜੋ ਮਲੇਛ ਹੈਨ ਏਨਾ ਦਾ ਤੇਜੁ ਨ ਸਹਾਰ ਸਕਨਗੇ। ਤਾਂ ਸਤਿਗੁਰ ਆਦ ਜੁਗਾਦ ਭਗਤਾਂ ਕੋ ਵਡਿਆਈ ਦੇਤੇ ਆਏ ਹੈਨ। ਤੇਸੇ ਹੀ ਸਾਹਿਬ ਨੇ ਖਾਲਸੇ ਜੀ ਨੂ ਰਾਜੁ ਭੀ ਤੇ ਗੁਰਆਈ ਭੀ ਦਿਤੀ ਹੈ। ਏਹੁ ਜੋ ਗੁਰੂ ਕੇ ਸਿਖ ਨਿਤਪ੍ਰਤ ਸਬਦ ਸੁਣਦੇ ਹੈਨ ਤੇ ਨਾਮੁ ਜਪਦੇ ਹੈਨ। ਇਸ ਕਰ ਕੇ ਇਨਾ ਦੇ ਮਨ ਸੁਧ ਹੈਨ। ਕੋਈ ਤਪੁਵਾਨ ਹੈ। ਕੋਈ ਗਿਆਨੀ ਹੈ। ਇਸ ਕਰਿ ਕੈ ਪੂਜਨੀਵ ਹੈਨ।

ਤਾ ਬ੍ਰਹਮਣਾ ਨੂ ਖੁਸੀ ਕਰਿ ਕੈ ਭਾਈ ਨੰਦ ਲਾਲ ਜੀ ਮਨਾਇ ਕੇ ਹਜੂਰ ਲੈ ਆਏ। ਸਭਨਾ ਨੂ ਭੋਜਨ ਖਵਾਇ ਕੈ ਰੁਪਯਾ ਰੁਪਯਾ ਦਖਣਾ ਦੇ ਕੇ ਵਿਦਾ ਕੀਤੇ। ਤੇ ਕਾਸੀ ਦੇ ਬ੍ਰਹਮਣ ਨੂ ਲਖ ਰੁਪਯਾ ਭੇਟ ਦੇ ਕੇ ਕਾਸੀ ਪਹੁਚਾਇਆ। ਤੇ ਓਸ ਕਰਦ ਨਾਲ ਜਲ ਵਿਖੇ ਪਤਾਸੇ ਪਾਇ ਕੇ ਸਵੈਯੇ ਪੜ ਕੇ ਪੰਜਾਂ ਸਿਖਾਂ ਨੂ ਪਾਹੁਲ ਪ੍ਰਿਥਮੇ ਦਿਤੀ। ਤੇ ਫੇਰ ਪਾਹੁਲ ਓਨਾ ਥੋਂ ਆਪ ਲਈ। ਬਚਨੁ ਕੀਤਾ ਜੋ ਸਸਤ੍ਰਾਂ ਦਾ ਵਿਸਾਹੁ ਨਹੀ ਕਰਨਾ। ਸਸਤ੍ਰਾਂ ਦੇ ਪਾਸ ਦੇਖਣ ਕਰ ਭੀ ਵੈਰੀ ਹਥੁ ਨਹੀ ਪਾਂਵਦਾ। ਏਹ ਸਸਤ੍ਰਾਂ ਦਾ ਅਭਿਆਸੁ ਰਘੁਵੰਸੀਆ ਪਾਸੋਂ ਛਟ ਗਇਆ ਹੈਸੀ। ਸੋ ਸਸਤ੍ਰ ਮਲੇਛਾ ਫੜ ਲਏ ਹੈਸਨ। ਓਸ ਕਰਿ ਕੇ ਜਗਤ ਦਾ ਰਾਜੁ ਕਰਦੇ ਹੈਸਨ। ਤੇ ਹੁਣ ਤੁਸਾਨੂ ਸਸਤ੍ਰ ਫੇਰ ਫੜਾਇ ਹੈਨ। ਤੁਸਾਂ ਸਸਤ੍ਰਾਂ ਦੀ ਵਿਦਿਆ ਕਰਨੀ ਤੁਸਾਨੂ ਰਾਜ ਫੇਰ ਲੈ ਦੇਆਂਗੇ।

ਤਾ ਰਾਜੇ ਦਰਸਨ ਨੂ ਆਏ। ਤਾਂ ਓਨਾ ਨੂ ਸਾਹਿਬ ਬਚਨੁ ਕੀਤਾ। ਤੁਸੀਂ ਪਾਹੁਲ ਲਹੋ ਤੇ ਵਾਹਗੁਰੂ ਕੀ ਸਿਖੀ ਅੰਗੀਕਾਰ ਕਰੋ। ਤੇ ਰਾਜ ਰਘੁਵੰਸੀਆਂ ਦਾ ਜੋ ਪ੍ਰਿਥਮੀ ਤੋ ਖੁਥਾ ਹੋਇਆ ਹੈ ਜੋ ਤੁਸਾਂ ਨੂ ਫੇਰ ਲੈ ਦੇਈਏਗਾ[1]। ਤਾਂ ਓਨਾ ਅਰਦਾਸ ਕੀਤੀ ਜੋ ਅਸਾਡੀ ਲਾਂਗ ਤੇ ਬੋਦੀ ਤੇ ਜਨੇਊ ਰਹਿਣ ਦੇਹੁ ਤਾਂ ਅਸੀਂ ਪਾਹੁਲ ਲੈਂਦੇ ਹਾਂ।

ਬਚਨੁ ਹੋਇਆ ਇਕੁ ਜੋਗੀ ਕੇ ਸਨਿਆਸੀ ਦਾ ਸਿਖ ਹੁੰਦਾ ਹੈ। ਤਾਂ ਅਗਲੀ ਬ੍ਰਹਮੇ ਦੀ ਕਾਣ ਸਭ ਮਿਟਾਇ ਕੇ ਦੀਖਿਆ ਦੇਂਦਾ ਹੈ। ਤੁਸਾਨੂ ਤਾਂ ਅਸੀਂ ਸਿਰੀ ਸਾਹਿਬ ਦਾ ਜਨੇਊ ਜਗਤ ਕੇ ਕਾਜ[2] ਵਾਸਤੇ ਦੇਂਦੇ ਸਾਂ। ਤੇ ਗਿਆਨ ਦਾ ਜਨੇਊ ਜਨਮ ਮਰਨ ਕਟਣ ਵਾਸਤੇ ਦੇਂਦੇ ਸਾਂ। ਤੇ ਜੋ ਤੁਸੀਂ ਏਹ ਵਡਿਆਈ ਸਹਾਰ ਨਹੀ ਸਕਦੇ ਤਾਂ ਹੋਰੁ ਚਾਰ ਵਰਨਾ ਨੋ ਸਸਤ੍ਰ ਫੜਾਇ ਕੇ ਰਾਜੇ ਤੇ ਮਲੇਛ ਸਭ ਤੁੜਾਵਣੇ ਹੈਨ। ਜੈਸੇ ਸ੍ਰੀ ਰਾਮ ਜੀ ਨੇ ਕਪਾ ਤੇ ਭਾਲਕਾਂ ਤੋ ਰਾਕਸਾਂ ਨੂ ਤੁੜਵਾਇਆ ਹੈਸੀ।

1. ਖਰੜਾ ਜੁੱਟ ਅ 2.1, ਅ 2.2 : ਦੇਵਾਗੇ/ਦੇਈਏ।
2. ਖਰੜਾ ਜੁੱਟ ਅ 3.1 : ਰਾਜ।

ਤਾਂ ਓਨਾ ਨੇ ਕਹਿਆ ਏਹ ਤਾਂ ਹਲੁ ਵਾਹੁਣ ਵਾਲੇ ਤੇ ਤਕੜੀਆ ਪਕੜਨ ਵਾਲੇ ਤੇ ਸਾਗ ਖਾਣ ਵਾਲੇ ਹੈਨ। ਚਿੜੀਆ ਦੇ ਸਮਾਨ ਹੈਨ। ਤੇ ਮਲੇਛ ਤੇ ਰਾਜੇ ਤਾਂ ਸਸਤ੍ਰਾਂ ਵਾਲੇ ਹੈਨ ਤੇ ਮਾਸ ਖਾਣ[1] ਵਾਲੇ ਹੈਨ। ਏਹੁ ਤਾਂ ਬਾਜਾ ਦੇ ਸਮਾਨ ਹੈਨ। ਬਚਨੁ ਹੋਇਆ ਅਸਾਂ ਨੇ ਚਿੜੀਆਂ ਤੋਂ ਬਾਜ ਤੁੜਾਵਣੇ ਹੈਨ। ਏਨਾਂ ਦੇ ਹੀ ਅਧੀਨ ਤੁਸਾਨੂ ਸਭਣਾ ਨੂ ਕਰ ਦੇਣਾ ਹੈ।੧੫੨।

ਸਾਖੀ ਹੋਰੁ ਚਲੀ

ਤੋਂ ਲਗ ਸੰਗਤਾਂ ਸਾਹਿਬ ਦੇ ਦਰਸਨ ਨੋ ਆਈਆਂ। ਓਨਾ ਨੇ ਪੁਕਾਰ ਕੀਤੀ ਜੀ ਗਰੀਬ ਨਿਵਾਜ ਸੰਗਤਾਂ ਜੋ ਆਂਵਦੀਆਂ ਹੈਨ ਰਾਹ ਵਿਚ ਮਲੇਛ ਸਿਖ ਦਾ ਧਨੁ ਖੋਹ ਲੈਂਦੇ ਹੈਨ। ਸਿਖਾਂ ਦੇ ਬੇਟੇ ਸੁੰਦਰ ਸੋ ਖੋਹ ਲੈਂਦੇ ਹੈਨ। ਜੋ ਸਿਖਾਂ ਦੀਆ ਸੁੰਦਰ ਇਸਤਰੀਆਂ ਹੁੰਦੀਆ ਹੈਨ ਸੋ ਖੋਹ ਲੈਂਦੇ ਹੈਨ।

ਬਚਨੁ ਹੋਇਆ ਤੁਸੀਂ ਸਸਤ੍ਰ ਫੜੋ। ਤੇ ਪਾਹੁਲਾਂ ਛਕੋ। ਤੁਸੀ ਸਭਨਾ ਉਤੇ ਹੁਕਮ ਕਰਦੇ ਆਵੋਗੇ। ਤਾਂ ਸਿਖਾਂ ਨੂ ਪਾਹੁਲ ਦਿਤੀਆਂ। ਕੇਈ ਸਿਖ ਪਾਸ ਰਖੇ ਕੇਈ ਘਰ ਨੂ ਆਏ। ਹੋਰੁ ਜੇਹੜੇ ਸਿਖ ਸਾਹਿਬ ਦੇ ਪਾਸ ਰਹਿਨ ਸੋ ਉਦਾਸੀ ਹੋਇ ਘਰਾਂ ਨੂ ਉਠ ਜਾਵਨ। ਤਾਂ ਬਚਨੁ ਹੋਇਆ ਤੁਸੀ ਅਮਲੁ ਖਾਧਾ ਕਰੋ।[2] ਤਾਂ ਸਿਖਾਂ ਅਮਲੁ ਖਾਵਣੁ ਲਗੇ। ਤਾਂ ਕਿਤਨਿਆਂ ਦੀਆਂ ਬ੍ਰਿਤਾਂ ਠਹਿਰ ਗਈਆਂ। ਤੇ ਕਿਤਨੇ ਜੋ ਘਰਾਂ ਨੂ ਗਏ ਤਾਂ ਖਤ੍ਰੀਆਂ ਬ੍ਰਾਹਮਣਾ ਓਨਾ ਦਿਆਂ ਕੁਟੰਬੀਆਂ ਨੂ ਆਖਿਆ ਜੋ ਤੁਸੀਂ ਇਕੇ ਅਸਾਡੇ ਨਾਲ ਵਰਤਣ ਕਰੋ ਇਕੇ ਏਨਾ ਦੇ ਨਾਲ ਵਰਤਣ ਕਰੋ। ਸਾਹਿਬ ਨੇ ਖਾਲਸਾ ਉਤਪਤ ਕੀਤਾ ਹੈ। ਪਰੁ ਜੇ ਅਸੀਂ ਵਰਤਾਂਗੇ ਨਹੀ ਤਾਂ ਵਧੇਗਾ ਕਿਸ ਤਰਾਂ। ਤਾਂ ਸਿਖਾਂ ਨੇ ਹਜੂਰ ਅਰਦਾਸ ਕੀਤੀ।

ਤਾਂ ਬਚਨੁ ਹੋਇਆ ਤੁਸੀ ਸਸਤ੍ਰ ਫੜੋ। ਜਿਤਨਿਆ[3] ਦਾ ਰਿਜਕੁ ਹੈ ਸਭ ਤੁਸਾਡੇ ਅਧੀਨ ਕਰਾਂਗੇ ਤੇ ਬ੍ਰਹਮਣ ਖਤ੍ਰੀ ਸਭ ਤੁਸਾਡੇ ਅਧੀਨ ਹੋਵਣਗੇ। ਤੇ ਸਸਤ੍ਰਾਂ ਕਰ ਕੇ ਜੂਝੋਗੇ ਤਾ ਸੁਵਰਗ ਨੋ ਪ੍ਰਾਪਤਿ ਹੋਵੋਗੇ। ਤੇ ਜੇ ਸਬਦ ਪੜੋਗੇ ਸਮਝੋਗੇ ਕਮਾਓਗੇ ਤਾਂ ਮੈਨੂ ਆਨ ਪ੍ਰਾਪਤਿ ਹੋਵੋਗੇ।੧੫੩।

ਸਾਖੀ ਹੋਰੁ ਚਲੀ

ਇਕ ਸਮੇ ਸਰਬਤ ਸਿਖਾਂ ਵਾਸੀਆ ਵਾਲਿਆ ਆਨਿ ਅਰਦਾਸ ਕੀਤੀ। ਜੋ ਸਾਹਿਬ ਨੇ ਖਾਲਸਾ ਵਰਤਾਇਆ ਹੈ। ਸਚੇ ਪਾਤਸਾਹ ਦਸ ਅਰਦਾਸਾਂ ਤੁਸਾਡੇ ਪਾਸੋਂ ਪੁਛਦੇ ਹਾਂ ਸਿਖੀ ਦੀ ਵਰਤਣ ਦੀਆਂ। ਤੁਸੀਂ ਦਸਾਂ ਹੀ ਪ੍ਰਸਨਾਂ ਦਾ ਦਇਆ ਕਰਿ ਕੈ ਅਸਾਨੂ ਉਤਰ ਲਿਖੋ ਜੀ। ਤਾਂ ਓਨਾ ਵਜਬੁਲਅਰਜ ਲਿਖ ਦਿਤੀ। ਇਸ ਦੇ ਉਪਰ ਦਸਖਤ ਖਾਸ ਕਰੀਏ।

ਨਕਲ ਉਤਾਰ ਵਜਬੁਲਅਰਜੁ ਦੀ।

---

1. ਖਰੜਾ ਜੁੱਟ ਅ 2.1, ਅ 2.2 : ਖਾਵਣ।
2. ਜੰਗਾਂ ਯੁੱਧਾਂ ਸਮੇਂ ਤਣਾਓ ਤੋਂ ਬਚਣ ਦਾ ਇਕ ਮਾਤਰ ਉਪਾਓ ਹੈ, ਮਰਯਾਦਾ ਨਹੀਂ।
3. ਖਰੜਾ ਜੁੱਟ ੳ 2.1, ੳ 2.2, ਅ 2.1, ਅ 2.2; ਜਿਤਣਿਆ।

ਜਿਸ ਸਮੇ ਖਾਲਸਾ ਪ੍ਰਗਟ ਕੀਤਾ ਸਿਖ ਸਭੇ ਵਾਸੀਆਂ ਵਾਲੇ ਕੇਸਧਾਰੀ ਕੀਤੇ ਸਹਿਜਧਾਰੀ ਭੀ। ਰਹਿਤ ਬਬੇਕ ਖਾਲਸੇ ਜੀ ਦੀ ਵਰਤਣ ਦੀਆਂ। ਹਜੂਰ ਸ੍ਰੀ ਸਤਿਗੁਰੂ ਦਸਵੇਂ ਪਾਤਸਾਹ ਦੇ ਮਹਲਾ।੧੦। ਦਸ ਰਹਿਤਾ ਲਿਖ ਕੇ ਗੁਜਾਰੀਆਂ। ਸਤਿਗੁਰਾਂ ਕ੍ਰਿਪਾ ਕਰਿ ਕੈ ਦਸਾਂ ਹੀ ਰਹਿਤਾਂ ਉਪਰ ਦਸਖਤ ਕੀਤੇ ਸਿਖਾਂ ਦੀ ਸੰਕਾ ਨਿਵਰਤ ਕਰਨ ਦੇ ਵਾਸਤੇ।

ਪ੍ਰਿਥਮੇ ਏਹੁ ਲਿਖਿਓਨੇ

ਜੋ ਸਮੇ ਵਿਵਾਹ ਦੇ ਅਸੀਂ ਬੇਦ ਪਾਠੀਆਂ ਬ੍ਰਹਮਣਾ ਨੂ ਬੁਲਾਇ ਕੇ ਵਿਵਾਹ ਦੀਆਂ ਕਾਂਡੀਆਂ ਪੜਾਇ ਕੇ ਵਿਵਾਹ ਕਰਦੇ ਸਾਂ। ਤੇ ਹੁਣ ਸਿਖ ਕਹਿੰਦੇ ਹੈਨ ਤੁਸੀ ਅਨੰਦ ਪੜ ਕੇ ਵਿਵਾਹ ਕਰੋ। ਬ੍ਰਹਮਣਾ ਨੂ ਨਾ ਬੁਲਾਵਹੁ। ਸਚੇ ਪਾਤਸਾਹ ਜਿਵੇ ਅਮਰੁ ਹੋਵੈ।

ਦਸਖਤ ਖਾਸ ਹੋਏ। ਪਹਿਲੇ ਅਨੰਦ ਪੜਨਾ ਅਰਦਾਸ ਕਰਨੀ। ਪਿਛੇ ਬ੍ਰਹਮਣਾ ਥੀ ਹਮੇਸਾ ਜਿਸ ਤਰਹਿ ਪੜਾਂਵਦੇ ਆਏ ਹੋ ਤਿਵੈਂ ਪੜਾਵਣਾ। ਸੰਸਾ ਨਹੀ ਕਰਨਾ।[1]

ਸਿਖਾਂ ਦੂਜੀ ਅਰਦਾਸੁ ਲਿਖੀ

ਜੋ ਹੁਕਮ ਸਾਹਿਬ ਦਾ ਹੋਇਆ ਪੰਜਾ ਮੇਲਾਂ ਨੂ ਨਹੀ ਮਿਲਣਾ। ਧੀਰ ਮਲੀਏ ੧ ਰਾਮ ਰਈਏ ੨ ਮੀਣੇ ੩ ਮਸੰਦ ੪ ਸਿਰਗੁੰਮ ੫। ਏਹ ਪੰਜ ਮੇਲ ਹੈਨ। ਤਾਂ ਸਿਖਾਂ ਅਰਦਾਸ ਕੀਤੀ ਸਿਰਗੁੰਮ ਕੌਣ ਹੈਨ। ਤਾਂ ਬਚਨੁ ਹੋਇਆ ਸਰੇਵੜੇ ਭੀ ਸਿਰਗੁੰਮ ਹੈਨ। ਅਨੀਸਰਵਾਦੀ ਹੈਨ। ਤੇ ਨੰਦ ਚੰਦ ਦੇ ਸੰਘੇ ਭੀ ਸਿਰਗੰਮੁ ਹੈਨ ਨਗੁਰੇ ਹੈਨ। ਏਹ ਜੁ ਪੰਜ ਮੇਲ ਹੈਨ ਤਿਨਾਂ ਨਾਲ ਨਹੀ ਵਰਤਣਾ। ਤਾਂ ਸਿਖਾਂ ਅਰਦਾਸ ਕੀਤੀ ਜੀ ਅਸੀ ਜੋ ਤੇਰੇ ਸਿਖ ਹਾ ਕੋਈ ਬੈਪਾਰ ਦੀ ਕ੍ਰਿਆ ਵਾਲਾ ਹੈ ਕੋਈ ਮੁਸਦੀ ਪੇਸਾ ਹੈ। ਵਿਹਾਰ ਦਾ ਸਦਕਾ ਸਭ ਕਿਸੇ ਦਾ ਆਨ ਮੇਲ ਹੁੰਦਾ ਹੈ।

ਤਾਂ ਖਾਸ ਦਸਖਤ ਹੋਏ। ਪਹਿਲੇ ਪੁਛ ਕੇ ਵਰਤਣ ਕੀਤਾ ਕਰੋ। ਜੋ ਭੁਲ ਭੁਲਾਵੈ ਵਰਤੇ ਤਾਂ ਅਰਦਾਸ ਕਰਵਾਇ ਲੈਣੀ।

ਤੀਸਰੀ ਅਰਦਾਸ ਸਿਖਾਂ ਕੀਤੀ

ਸਚੇ ਪਾਤਸਾਹ ਜੀ ਅਗੇ ਅਸੀਂ ਸਹਜਧਾਰੀ ਤੇਰੇ ਸਿਖ ਜੋ ਹੈਸਾਂ ਸੋ ਮਾਤਾ ਪਿਤਾ ਦੇ ਮਰਨੇ ਉਪਰ ਕ੍ਰਿਆ ਕਰਮ ਭਧਣ ਜੇਹੜੀ ਸੰਸਾਰ ਦੀ ਰੀਤੀ ਸੀ ਸੋ ਕਰਦੇ ਹੈਸਾਂ। ਤੇ ਹੁਣ ਸਿਖ ਆਖਦੇ ਹੈਨ ਜੋ ਖਾਲਸਾ ਵਾਹਗੁਰੂ ਨੇ ਵਰਤਾਇਆ ਹੈ। ਹੁਣ ਤੁਸੀ ਏਹੁ ਰਹਿਤਾਂ ਸੰਸਾਰੀਆਂ ਦੀਆਂ ਨਾ ਕਰਿਆ ਕਰੋ। ਸਚੇ ਪਾਤਸਾਹ ਜਿਵੇਂ ਤੁਸਾਡਾ ਬਚਨੁ ਹੋਵੈ।

---

1. ਪਹਿਲੀ ਅਰਦਾਸ ਦੇ ਅੰਤ ਉੱਤੇ 'ਸਿਖਾਂ ਦੂਜੀ' ਨੂੰ 'ਸਾਖੀ ਦੂਜੀ' ਸਮਝ ਕੇ ਕੁਝ ਲਿਖਾਰੀ ਸਾਖੀ ਖ਼ਤਮ ਹੋ ਜਾਣ ਦੇ ਭੁਲੇਖੇ ਦਾ ਸ਼ਿਕਾਰ ਹੋਏ ਅਤੇ ਇਥੇ ਸਾਖੀ ਅੰਕ ਲਾ ਦਿੱਤਾ। ਜਿਨ੍ਹਾਂ ਖਰੜਿਆਂ ਵਿਚ ਇਹ ਵਿਖੇਪ ਮਿਲਦਾ ਹੈ ਉਹ ਹਨ; ਆਪ 758, ਪੰਯੂਚੰ 79, ਖਾਕਅ 2300, ਸਿਰੇਲਾ 6140 ਅਤੇ ਸੈਸਲਾ 2794 ਹਨ; ਸਾਖੀ ਅੰਕ ਹਨ 136/137.

ਖਾਸ ਦਸਖਤ ਹੋਏ। ਭਧਣ ਨਹੀ ਕਰਨਾ। ਅਤੇ ਹੋਰ ਕ੍ਰਿਆ ਕਰਤੂਤ ਜੈਸੀ ਦੇਸ ਚਾਲ ਸਿਖਾਂ ਦੀ ਹੋਵੈ ਤਿਵੈਂ ਕਰਿ ਕੈ ਬਖਸਾਇ ਲੈਣਾ।

ਫੇਰ ਸਿਖਾ ਅਰਦਾਸ ਚੌਥੀ ਲਿਖੀ

ਸਚੇ ਪਾਤਸਾਹ ਸਮੇ ਵਿਵਾਹ ਦੇ ਤੇ ਖਿਆਹ ਦੇ ਦਿਨ ਅਗੋ ਦੇ ਅਸੀਂ ਬ੍ਰਹਮਣਾ ਨੂ ਸਦ ਕੇ ਭੋਜਨੁ ਕਰਾਂਵਦੇ ਸਾਂ। ਹੁਣ ਸਿਖ ਆਖਦੇ ਹੈਨ ਜੋ ਸਿਖਾਂ ਨੂ ਛਕਾਵਣਾ। ਸਚੇ ਪਾਤਸਾਹ ਜਿਵੈਂ ਹੁਕਮ ਹੋਵੈ ਤਿਵੈਂ ਕੀਚੈ।

ਖਾਸ ਦਸਖਤ ਹੋਏ। ਹੁਕਮ ਹੋਇਆ ਜੋ ਸਿਖਾਂ ਨੂ ਭੀ ਬ੍ਰਹਮਣਾ ਨੂ ਭੀ ਅਥਿਤਾਂ ਨੂ ਭੀ ਭਲੀ ਪ੍ਰਕਾਰ ਪਰਤੀਤ ਕਰਿ ਕੇ ਤੇ ਸਭਣਾ ਨੂ ਪ੍ਰਸਾਦ ਛਕਾਇਆ ਕਰੋ।

ਫੇਰ ਸਿਖਾਂ ਅਰਦਾਸ ਪੰਜਵੀ ਕੀਤੀ

ਸਚੇ ਪਾਤਸਾਹ ਵਖਤ ਜੰਞੂ ਘਤਣ ਦੇ ਅਸੀਂ ਪੁਤ੍ਰਾਂ ਨੂ ਉਸਤਰੇ ਨਾਲ ਭਦਣ ਕਰਾਇੰਦੇ[1] ਸਾਂ। ਹੁਣ ਸਚੇ ਪਾਤਸਾਹ ਜਿਵੈਂ ਹੁਕਮ ਹੋਵੈ ਤਿਵੈਂ ਕੀਚੈ।

ਹੁਕਮ ਤੇ ਖਾਸ ਦਸਖਤ ਹੋਏ। ਜੋ ਸਹਿਜਧਾਰੀਆਂ ਦਿਆਂ ਬੇਟਿਆਂ ਨੂ ਕੇਂਚੀ ਨਾਲ ਗੀਤ ਕਰਾਵਣੀ[2]। ਤੇ ਕੇਸਾਧਾਰੀਆਂ ਦਿਆਂ ਬੇਟਿਆਂ ਨੂ ਪਾਹੁਲ ਦੇਣੀ। ਤੇ ਦਹੀ ਨਾਲ ਕੇਸ ਹਰੇ ਕਰਣੇ।

ਫੇਰ ਸਿਖਾਂ ਅਰਦਾਸ [3]ਛਿਵੀ ਕੀਤੀ[3]

ਜੋ ਸਚੇ ਪਾਤਸਾਹ ਜੀ ਅਗੇ ਜੋ ਅਸੀ ਹਸਤੀਆ ਗੰਗਾ ਭੇਜਦੇ ਸਾਂ। ਤੇ ਹੁਣ ਸਿਖ ਮਨੇ ਕਰਦੇ ਹੈਨ। ਸਚੇ ਪਾਤਸਾਹ ਜਿਵੇਂ ਹੁਕਮ ਹੋਵੈ ਤਿਵੈਂ ਕੀਚੈ।

ਬਚਨੁ ਤੇ ਖਾਸ ਦਸਖਤ ਹੋਏ। ਜੋ ਪਹੁਚ ਸਕੋ ਤਾਂ ਹਸਤੀਆਂ ਗੰਗਾ ਜੀ ਪਹੁਚਾਵਣੀਆਂ। ਨਹੀ ਤਾਂ ਸਿਖ ਜੁਧ ਵਿਚ ਜਿਥੈ ਹੁਕਮ ਸਤ ਹੁੰਦਾ ਹੈ ਸੋਈ ਕੁਲਖੇਤ੍ਰ ਹੈ। ਇਕੇ ਸਾਧ ਸੰਗਤ ਦੇ ਚਰਣ ਧੂੜ ਵਿਚ ਪਾਇ ਦੇਣੀਆਂ ਅੰਮ੍ਰਿਤਸਰ ਦੇ ਚੁਫੇਰ। ਏਸੇ ਥੀਂ ਓਨਾ ਦੀ ਗਤਿ ਹੋਵੇਗੀ।

ਫੇਰ ਅਰਦਾਸ ਸਿਖਾ ਸਤਵੀ ਕੀਤੀ

ਅਸੀ ਜੋ ਆਮਲੀ ਪੇਸਾ ਕਚਹਰੀਆਂ ਜਾਵਣ ਵਾਲੇ ਸਿਖ ਦਾੜੀਆਂ ਦੇ ਕੇਸ ਇਕੋ ਜੇਹੇ ਕੈਚੀ ਨਾਲ ਕਰਵਾਇ ਲੈਂਦੇ ਸਾਂ। ਹੁਣ ਜਿਵੇ ਹੁਕਮ ਹੋਵੈ ਤਿਵੈਂ ਕਰੀਏ।

ਹੁਕਮ ਤੇ ਖਾਸ ਦਸਖਤ ਹੋਏ। ਜੋ ਜੇਹੜੇ ਤੁਸੀ ਸਹਿਜਧਾਰੀ ਸਿਖ ਹੋ ਜੋ ਕੇਸਾਧਾਰੀਆਂ ਦੀ ਤਰਾਂ ਸਾਬਤ ਰਖੋ। ਨਹੀ ਤਾਂ ਕੋਈ ਜਰੂਰ ਮਾਤ੍ਰ ਵਧੀਕ ਹੋਵੇ ਸੋ ਬਰਾਬਰ ਕਰਵਾਏ ਛਡਣੇ। ਤੇ ਬਖਸਾਇ ਲੈਣਾ।

---

1. ਖਰੜਾ ਜੁੱਟ ਅ 2.1, ਅ 2.2: ਕਰਵਾਵਦੇ।
   ਅ 3.1: ਕਰਾਵਦੇ।
2. ਖਰੜਾ ਜੁੱਟ ਅ 2.1, ਅ 2.2: ਕਰਵਾਵਣੀ।
3. ਖਰੜਾ ਜੁੱਟ ਅ 2.1, ਅ 2.2: ਤਸਿਬੇ x: ਕੀਤੀ ਛਿਵੀ।

ਫੇਰ ਸਿਖਾ ਅਰਦਾਸ ਅਠਵੀ ਕੀਤੀ

ਹੁਕਮ ਹੋਇਆ ਜੋ ਸਿਰਗੁੰਮ ਤੇ ਪੰਜਾ ਮੇਲਾਂ ਦੇ ਮੂਹ ਕੋਈ ਲਗੇ ਨਹੀ। ਸਚੇ ਪਾਤਸਾਹ ਜੀ ਸਿਖ ਕੋਈ ਆਪਣੀ ਸਰਧਾ ਕਰ ਕੇ ਤੇ ਓਨਾ ਦੇ ਮੁਹ ਲਗਦਾ ਨਹੀ। ਪਰੁ ਜੇ ਆਉਂਦਾ ਜਾਦਾ ਮੁਹ ਲਗ ਜਾਵੇ ਤਾ ਕਿਉਂ ਕਰ ਬਚਨੁ ਹੈ।

ਹੁਕਮ ਤੇ ਖਾਸ ਦਸਖਤ ਹੋਏ। ਜੋ ਰਿਦਾ ਸੁਧ ਗੁਰਾਂ ਵਲ ਚਾਹੀਦਾ ਹੈ। ਜੇ ਆਂਵਦਾ ਜਾਂਵਦਾ ਮੁਹ ਲਗ ਜਾਏ ਤਾਂ ਕੀ ਹੈ। ਵਰਤਣ ਨਹੀ ਕਰਣੀ।

ਫੇਰ ਸਿਖਾਂ ਅਰਦਾਸ ਨਾਵੀਂ ਲਿਖੀ

ਜੇਹੜੇ ਸਿਖ ਗੰਗਾ ਜੀ ਦੇ ਇਸਨਾਨ ਨੂ ਗਏ ਹੈਨ। ਜੋ ਇਸਨਾਨ ਕਰ ਕੇ ਆਵਨ ਤਾਂ ਓਨਾ ਨਾਲ ਕਿਓ ਕਰ ਵਰਤੀਏ।

ਬਚਨੁ ਤੇ ਖਾਸ ਦਸਖਤ ਹੋਏ। ਜੋ ਹਿਤ ਪਿਆਰ ਨਾਲ ਓਨਾ ਨਾਲ ਵਰਤਣਾ। ਬਹੁਤੀ ਦਿਕਤ ਕੋਈ ਨਹੀ ਕਰਣੀ।

ਭਾਈ ਸਿਖੋ ਇਕ ਤੁਸਾਡੇ ਉਪਰ ਅਸਾਡਾ ਏਹੁ ਹੁਕਮੁ ਹੈ। ਜੋ ਮਸੰਦ ਮਸੰਦੀਏ ਪੰਜਾ ਮੇਲਾਂ ਵਿਚੋ ਕਿਸੇ ਨਾਲ ਨਹੀ ਮਿਲਣਾ। ਜੋ ਓਨਾ ਦੀ ਹਮਾਇਤ ਕਰੇ ਸਾਧ ਸੰਗਤ ਵਿਚੋ ਉਠਾਇ ਦੇਣਾ। ਕਿਓ ਜੋ ਓਨਾ ਦੇ ਮੇਲ ਕਰ ਗੁਰੂ ਕਾ ਸਿਦਕ ਘਟਦਾ ਹੈ। ਤੇ ਜੇ ਕੋਈ ਓਨਾ ਵਿਚੋਂ ਭੀ ਮੇਲੁ ਕੀਤਾ ਚਾਹੇ ਸੋ ਮੇਲ ਲੈਣਾ। ਏਹੋ ਗੁਰਮਤਿ ਦਾ ਉਪਦੇਸ ਦੇਣਾ ਜੋ ਭਜਨੁ ਕਰੇ। ਸਿਖੀ ਦੀ ਰਹੁਰਾਸ ਏਹੋ ਹੈ। ਕਿਰਤ ਧਰਮ ਦੀ ਕਰਨੀ। ਵੰਡ ਖਾਵਣਾ।

ਫੇਰ ਸਿਖਾ ਅਰਦਾਸ ਦਸਵੀ ਲਿਖੀ

ਜੀ ਸਚੇ ਪਾਤਸਾਹ ਜੋ ਅਗੇ ਕੋਈ ਹੁਕਮ ਸਤ ਹੁੰਦਾ ਸੀ ਦੇਹ ਤਿਆਗਦਾ ਸੀ ਤਾਂ ਅਸੀਂ ਪੰਡਤਾਂ ਨੂ ਬੁਲਾਇ ਕੈ ਗਰੁੜ ਪੁਰਾਣ ਵਾਚਦੇ[1] ਸਾਂ। ਤੇ ਦਸ ਗਾਤ੍ਰ ਕਰਵਾਂਦੇ ਸਾਂ। ਤੇ ਹੁਣ ਪੰਡਤ ਨਹੀ ਆਂਵਦੇ। ਕਹਿੰਦੇ ਹੈਨ ਜੋ ਧਾਗਾ ਤੇ ਲੰਗੋਟੁ ਰਖੋ। ਤੇ ਜੋ ਗਰੜ ਪੁਰਾਣ ਵਿਚ ਦਸ ਗਾਤ੍ਰ ਆਦ ਲਿਖੇ ਹੈਨ ਸੋ ਕਰੋ। ਤਾਂ ਅਸੀ ਆਂਵਦੇ ਹਾਂ। ਜਿਵੇਂ ਹੁਕਮ ਹੋਵੈ ਤਿਵੈਂ ਕੀਚੈ।

ਦਸਖਤ ਹੋਏ। ਭਾਈ ਤੁਸਾਂ ਸਿਦਕ ਤੇ ਤਕੜਾ ਰਹਿਣਾ। ਗਿਰੰਥ ਜੀ ਦਾ ਭੋਗ ਪਾਵਣਾ। ਤੇ ਪੰਜਵੇ ਪਾਤਸਾਹ ਦੇ ਸਹੰਸਕ੍ਰਿਤੀ ਦੇ ਸਲੋਕ ਦੀ ਕਥਾ ਸਿਖਾਂ ਥੀਂ ਸੁਣਨੀ। ਪ੍ਰਾਣੀ ਦਾ ਭੀ ਖਾਲਸੇ ਜੀ ਦੇ ਵਿਚ ਨਿਵਾਸੁ ਹੋਵੇਗਾ। ਤੇ ਤੁਸਾਨੂ ਭੀ ਗਿਆਨ ਪ੍ਰਾਪਤਿ ਹੋਵੇਗਾ। ਸਿਦਕ ਜੇਹਾ ਤੇ ਨਾਮ ਜੇਹੀ ਹੋਰ ਪਦਾਰਥ ਚੀਜ ਕੋਈ ਨਹੀ। ਵਾਹਗੁਰੂ ਜਪਣਾ ਤੇ ਵੰਡ ਖਾਵਣਾ।

ਏਹ ਰਹਿਤਾ ਹੈਨ। ਹੋਰ ਸੁਖ ਹੈ।੧੫੪।

ਸਾਖੀ ਹੋਰੁ ਚਲੀ

ਤਾਂ ਸਿਖਾਂ ਭਾਈ ਮਨੀ ਸਿੰਘ ਜੀ ਹੋਰਾਂ ਥੀ ਪ੍ਰਸਨ ਕੀਤਾ। ਜੋ ਆਦਿ ਬਾਣੀ

1. ਖਰੜਾ ਜੁੱਟ ਅ 2.1, ਅ 2.2, ਅ 2.3, ਅ 3.1 : ਵਚਾਵਦੇ।

ਜੋ ਹੋਈ ਹੈ ਸੋ ਭਗਤਿਮਈ ਹੈ। ਤੇ ਸਾਹਿਬ ਦਸਵੇ ਪਾਤਸਾਹ ਜੋ ਬਾਣੀ ਕੀਤੀ ਹੈ ਸੋ ਜੁਧਮਈ ਹੈ। ਕੈ ਇਸਤ੍ਰੀਆ ਦੇ ਚਰਿਤ੍ਰ ਹੈਨ। ਇਸ ਦਾ ਸਿਧਾਂਤ ਕਿਉ ਕਰਿ ਸਮਝੀਐ।

ਤਾ ਭਾਈ ਜੀ ਕਹਿਆ ਜੈਸੇ ਅਰਜਨ ਜੁਧ ਦੇ ਸਮੇ ਸਸਤ੍ਰ ਛੋਡ ਬੈਠਾ ਸੀ। ਤੇ ਮਹਾਰਾਜ ਓਸ ਨੂ ਗੀਤਾ ਉਪਦੇਸ ਕਰਿ ਕੈ ਫੇਰ ਵਰਨ ਆਸਰਮ ਦਾ ਜੁਧ ਦ੍ਰਿੜਾਇਆ ਸੀ। ਤੈਸੇ ਹਿੰਦੂਆਂ ਨੇ ਹਿੰਸਾ ਧਰਮ ਜਾਣ ਕੈ ਸਸਤ੍ਰ ਛੋਡ ਦਿਤੇ ਹੈਸਨ। ਤੇ ਮਲੇਛਾਂ ਨੇ ਸਸਤ੍ਰ ਪਕੜ ਲੀਤੇ ਹੈਸਨ। ਤੇ ਸਸਤ੍ਰਾਂ ਦਾ ਬਲ ਕਰਿ ਪ੍ਰਿਥਮੀ ਦਾ ਰਾਜ ਭੋਗਦੇ ਹੈਸਨ। ਤੇ ਹਿੰਦੂਆਂ ਦੇ ਵਿਚ ਭਗਤਿ ਹੋਵਨ ਨਹੀ ਸਨ ਦੇਂਦੇ। ਤੇ ਸਾਹਿਬ ਖਾਲਸੇ ਜੀ ਨੂ ਰਘੁਵੰਸ ਜਾਣ ਕੈ ਫੇਰ ਰਾਜ ਲੈ ਦੇਵਣਾ ਸੀ। ਤਾਂ ਜੁਧਮਈ ਬਾਣੀਆਂ ਉਚਾਰਨ ਕੀਤੀਆਂ ਹੈਨ। ਤੇ ਸਸਤ੍ਰਾਂ ਦੀ ਵਿਦਿਆ ਦ੍ਰਿੜ ਕੀਤੀ ਹੈ। ਤੇ ਗਿਆਨ ਦਾ ਉਪਦੇਸ ਕੀਤਾ ਹੈ। ਸੋ ਸਰੀਰ ਤੁਸਾਂ ਝੂਠੇ ਜਾਣਨੇ। ਤੇ ਤੁਸਾਡੇ ਵਰਣ ਦਾ ਧਰਮ ਜੁਧੁ ਹੈ। ਜੁਧ ਕਰਨਾ। ਜੇ ਜੁਧੁ ਜੀਤੋਗੇ ਤਾਂ ਰਾਜ ਭੋਗੋਗੇ। ਤੇ ਜੇ ਜੁਧ ਵਿਚ ਮਿਰਤ ਹੋਵੋਗੇ ਤਾਂ ਸੁਵਰਗ ਦੇ ਸੁਖ ਭੋਗੋਗੇ। ਤੇ ਜੇ ਗਿਆਨ ਨੂ ਦ੍ਰਿੜ ਕਰੋਗੇ ਤਾਂ ਜੀਵਨ ਮੁਕਤ ਹੋ ਕੇ ਵਿਚਰੋਗੇ। ਜੈਸੇ ਮੂਰਤਾਂ ਇਕ ਮਲੇਛਾਂ ਦੀਆਂ ਅਨੰਤ[1] ਹੈਸਨ। ਤੈਸੇ ਓਨਾ ਦੇ ਸਨਮੁਖ ਸਿੰਘਾਂ ਦੀਆਂ ਮੂਰਤਾਂ ਬਣਾ ਖੜੀਆਂ ਕੀਤੀਆਂ ਹੈਸਨ। ਤੇ ਆਪ ਕਉਤਕ ਵੇਖਦੇ ਹੈਸਨ। ਜੈਸੇ ਘੋੜਾ ਕਿਸੇ ਬੂਟੇ ਥੀਂ ਝਕਦਾ ਹੈ। ਤਾਂ ਕਾਰ ਸਵਾਰ ਓਸਨੂ ਬੂਟੇ ਥੀ ਤ੍ਰਿਪਾਇ ਲੈ ਜਾਂਦਾ ਹੈ। ਤੈਸੇ ਹਿੰਦੂ ਸਸਤ੍ਰਾਂ ਥੀ ਭੈਮਾਨ ਹੈਸਨ। ਜੁਧਮਈ ਬਾਣੀਆਂ ਤੇ ਗਿਆਨ ਉਪਦੇਸ ਕਰ ਕੈ ਏਨਾ ਥੀਂ ਜੁਧੁ ਕਰਵਾਇਆ ਹੈ।

ਤੇ ਚ੍ਰਿਤ੍ਰ ਇਸ ਵਾਸਤੇ ਲਿਖੇ ਹੈਨ। ਜੋ ਇਸਤ੍ਰੀਆ ਦੇ ਭੋਗਾਂ ਵਿਚ ਤੁਸਾਂ ਮਨ ਨਹੀ ਬੰਧਣਾ। ਸਤਿਗੁਰਾਂ ਦੇ ਸਬਦ ਨਾਲ ਪ੍ਰੀਤ ਰਖਣੀ। ਤੇ ਜੁਧਮਈ ਬਾਣੀ ਏਸ ਵਾਸਤੇ ਕੀਤੀ ਹੈ। ਜੋ ਭਗਤਿਮਈ ਬਾਣੀ ਪੜ ਕੇ ਜੁਧ ਨਾ ਕਰ ਸਕਣਗੇ। ਤੇ ਜੁਧਮਈ ਬਾਣੀ ਤੇ ਇਸਤੋਤ੍ਰ ਦੇਵੀ ਦੇ ਪੜਨਗੇ ਤਾਂ ਇਨਾਂ ਦੇ ਸਸਤ੍ਰਾਂ ਵਿਚ ਸਹਾਇਤਾ ਹੋਵੈਗੀ। ਜਿਸ ਸਮੇ ਜੁਧ ਕਰ ਕੇ ਰਾਜ ਕਰਨਗੇ ਤਾਂ ਭਗਤਾਂ ਦੀ ਸੇਵਾ ਕਰਨਗੇ। ਮਹਾਰਾਜ ਦੀ ਭਗਤਿ ਸਾਰੇ ਜਗਤ ਵਿਚ ਵਿਸਤੀਰਨ ਹੋਵੇਗੀ। ਦਸਵੇਂ ਪਾਤਸਾਹ ਦਾ ਔਤਾਰ ਧਰਮ ਚਲਾਵਣ ਵਾਸਤੇ ਹੋਇਆ ਹੈ। ਏਨਾ ਦੇ ਰਾਜ ਵਿਚ ਗਊਆ ਦੀ ਤੇ ਬ੍ਰਹਮਣਾ ਦੀ ਤੇ ਰਿਖਾਂ ਦੀ ਤੇ ਮੁਨੀਸਰਾਂ ਦੀ ਸਰਬ ਦੀ ਰਖਿਆ ਹੋਵੈਗੀ।

ਹੋਰੁ ਵਾਹਿਗੁਰੂ ਕੇ ਗੁਣ ਭੀ ਅਨੇਕ ਹੈਨ। ਤੇ ਵਾਹਗੁਰੂ ਕੇ ਸਿਖ ਭੀ ਅਨੇਕ ਵਰਸਾਣੇ ਹੈਨ। ਸੋ ਮੈ ਥੀ ਗਿਣੇ ਨਹੀ ਜਾਂਦੇ।੧੫੫।

ਸਾਖੀ ਹੋਰੁ ਚਲੀ

ਇਕ ਸਮੇ ਗੋਰਖੁ ਨਾਥ ਤੇ ਦਤਾਤ੍ਰੇਓ ਦੋਨੋ ਸਾਹਿਬ ਦੇ ਦਰਸਨ ਨੂ ਆਏ। ਤੇ ਓਨਾ ਪੁਛਿਆ ਜੋ ਅਸਾਂ ਆਪਣਿਆਂ ਸਿਖਾਂ ਨੂ ਸਭ ਰਸ ਛਡਾਇ ਕੇ ਬਨਬਾਸ ਦਿਤੇ ਹੈਨ। ਸੋ ਭੀ ਮਹਾਰਾਜ ਦੀ ਮਾਇਆ ਦੇ ਮੋਹੇ ਹੋਏ ਫੇਰ ਵਿਖਿਆਂ ਵਿਚ ਪਸਰਦੇ

---

1. ਨਿਸੰ 37 : ਅਨਿਤ।

ਹੈਨ। ਤੇ ਤੇਰੇ ਸਿਖ ਸਸਤ੍ਰ ਪਕੜਨਗੇ ਤੇ ਰਸ ਭੋਗਨਗੇ। ਏਹੁ ਕਿਉ ਕਰ ਮੁਕਤ ਹੋਵਨਗੇ।

ਬਚਨੁ ਹੋਇਆ ਇਕ ਸਿਖ ਏਨਾ ਨੂ ਗੁਰਮਤਿ ਦੇਵੈਗਾ। ਕੈ ਦੋ ਸਿਖ ਕੈ ਚਾਰ ਸਿਖ। ਤਾਂ ਓਨਾ ਕਹਿਆ ਕਲਜੁਗ ਕੋਈ ਕਿਸੇ ਨੂ ਨਾ ਮੰਨੇਗਾ। ਬਚਨੁ ਹੋਇਆ ਮੈ ਪੰਜਾਂ ਸਿਖਾਂ ਵਿਚ ਆਪਣੀ ਕਲਾ ਗੁਰਮਤ ਦੀ ਰਖਾਂਗਾ। ਤੇ ਆਪ ਸਬਦ ਰੂਪ ਹੋ ਕੈ ਵਰਤਾਂਗਾ। ਬਾਣੀ ਸੁਣਨਗੇ ਤੇ ਸਿਖਾਂ ਦੀਆਂ ਰਹਿਤਾਂ ਨੂ ਦੇਖਨਗੇ ਸਭਣਾ ਨੂ ਗਿਆਨ ਪ੍ਰਾਪਤਿ ਹੋਵੈਗਾ। ਜਨਮ ਮਰਨ ਦੇ ਭੌਜਲ ਥੀ ਪਾਰ ਉਤਰਨਗੇ।

ਤਾਂ ਭਾਈ ਮਨੀ ਸਿੰਘ ਕਹਿਆ। ਹੋਰ ਮੇਰੇ ਪਾਸੋ ਵਾਹਗੁਰੂ ਕੇ ਸਿਖਾਂ ਦੀ ਕਛੁ ਉਪਮਾ ਨਹੀ ਕਹੀ ਜਾਂਦੀ। ਜੋ ਮਹਿਮਾ ਸਿਖਾਂ ਦੀ ਸਮੁੰਦ੍ਰ ਹੈ। ਤੇ ਮੈ ਕੀਟੀ ਪਾਰ ਨਹੀ ਪਾਂਵਦਾ। ਸ੍ਰੀ ਕ੍ਰਿਸਨ ਜੀ ਨੂ ਰੁਕਮਨ ਪੁਛਿਆ ਸੀ ਜੋ ਜਗਤ ਤੇਰੀ ਮਹਿਮਾ ਨੂ ਗਾਂਵਦਾ ਹੈ। ਤੂ ਕਿਸ ਦਾ ਧਿਆਨ ਕਰਨਾ ਹੈ। ਮਹਾਰਾਜ ਬੋਲਿਆ ਜੋ ਮੈਨੂ ਗਾਂਵਦੇ ਹੈਨ ਮੈ ਓਨਾ ਨੂ ਗਾਂਵਨਾ ਹਾਂ। ਤੈਸੇ ਸਿਖ ਵਾਹਗੁਰੂ ਦੀ ਉਪਮਾ ਕਰਦੇ ਹੈਨ। ਤੇ ਵਾਹਗੁਰੂ ਦੀ ਬਾਣੀ ਵਿਚ ਸੰਤਾ ਦੀ ਸੋਭਾ ਕੀਤੀ ਹੈ।੧੫੬। ਬੋਲਹੁ ਭਾਈ ਵਾਹਗੁਰੂ

ਸਾਖੀ ਭਾਈ ਦੀ ਵਾਰ ਦੀਆ ਪੂਰੀਆ ਹੋਇਆਂ ਹੈਨ। ਜੋ ਖੋਜੀ ਹੋਵਨਗੇ ਸੋ ਸਰਧਾ ਨਾਲ ਪੜਨਗੇ ਗਿਆਨ ਨੂ ਪ੍ਰਾਪਤ ਹੋਵਨਗੇ। ਤੇ ਜਿਨਾਂ ਦਾ ਨਿੰਦਿਆ ਦਾ ਸੁਭਾਉ ਹੋਵੈਗਾ ਸੋ ਨਿੰਦਕ ਨਿੰਦਿਆ ਕਰਨਗੇ। ਤਾਂ ਮੈ ਸਿਖਾਂ ਦੇ ਅਗੇ ਬੇਨਤੀ ਕਰਦਾ ਹਾਂ ਤੇ ਨਿੰਦਕਾਂ ਅਗੇ ਭੀ ਬੇਨਤੀ ਕਰਦਾ ਹਾਂ ਜੋ ਮੈਨੂ ਆਪਣਾ ਦਾਸ ਜਾਣਨਾ ਤੇ ਸਿਖਾਂ ਦੀ ਪ੍ਰਸੰਨਤਾ ਵਾਸਤੇ ਭਾਈ ਦੀ ਵਾਰ ਦੀ ਟੀਕਾ ਗੋਸਟਿ ਲਿਖੀ ਹੈ। ਹੋਰ ਗੋਸਟਾ ਜੋ ਸਬਦ ਨਾਲ ਮਿਲਦੀਆ ਹੋਵਨ ਸੋ ਪੜਨੀਆ। ਤੇ ਜੋ ਸਬਦ ਕੀ ਵਿਪ੍ਰੀਤ ਹੋਵਨ ਸੋ ਨਹੀ ਪੜਨੀਆ। ਬੋਲਹੁ ਭਾਈ ਵਾਹਗੁਰੂ ਵਾਹਗੁਰੂ ਵਾਹਗੁਰੂ ਜੀ ਕੇ ਫਤੇ ਹੈ।੧੫੭।

ਸਾਖੀ ਹੋਰੁ ਚਲੀ

ਸਿਖਾਂ ਭਾਈ ਮਨੀ ਸਿੰਘ ਜੀ ਪਾਸੋ ਪ੍ਰਸਨ ਕੀਤਾ ਜੋ ਸਾਹਿਬ ਦਸਵੇਂ ਪਾਤਸਾਹ ਜੋ ਖਾਲਸੇ ਨੂ ਵਡਿਆਈ ਤੇ ਗੁਰਆਈ ਬਖਸੀ ਤਾਂ ਬ੍ਰਹਮਣਾ ਨੇ ਕਿਉ ਰੋ ਦਿਤਾ। ਤਾਂ ਭਾਈ ਜੀ ਕਹਿਆ ਬ੍ਰਹਮਣ ਵੇਦ ਪਾਠੀ ਹੈਸੀ। ਤੇ ਦੇਹ ਅਭਿਮਾਨੀ ਹੈਸੀ। ਤੇ ਕਰਮ ਕਾਂਡੀ ਹੈਸੀ। ਤੇ ਸਾਹਿਬ ਦਸਵੇ ਪਾਤਸਾਹ ਜੋ ਖਾਲਸੇ ਜੀ ਨੂ ਗੁਰਿਆਈ ਬਖਸੀ ਜੋ ਬ੍ਰਹਮਣ ਤੇ ਭਾਈ ਨੰਦ ਲਾਲ ਦੀ ਗੋਸਟ ਹੋਈ ਹੈ ਸੋ ਤੁਸਾਨੂ ਕਹਿੰਦੇ ਹਾਂ। ਜੋ ਬ੍ਰਹਮਣ ਕਹਿਆ ਜੋ ਪੂਜਾ ਦਾ ਪਾਤ੍ਰ ਬ੍ਰਹਮਣ ਹੈਸਨ। ਤੇ ਸਾਹਿਬ ਸਿਖਾਂ ਦੀ ਪੂਜਾ ਪ੍ਰਥਮੇ ਕੀਤੀ ਹੈ। ਤਾਂ ਭਾਈ ਨੰਦ ਲਾਲ ਕਹਿਆ ਜੋ ਬ੍ਰਹਮਣ ਸੀਲ ਸੰਤੋਖ ਤੇ ਗਿਆਨ ਦੇ ਅਧਿਕਾਰੀ ਹੋਵਨ ਸੋਈ ਪੂਜਨ ਜੋਗ ਹੈਨ। ਬਚਨੁ ਹੈ

[1]ਬੰਧਨ ਤੋੜੈ ਹੋਵੈ ਮੁਕਤ।
ਸੋਈ ਬ੍ਰਹਮਣ ਪੂਜਨ ਜੁਗਤ।[1]

ਜਿਸ ਨੇ ਗਿਆਨ ਰੂਪੀ ਕਰਦ ਲੈ ਕੇ ਅਗਿਆਨ ਦੇ ਬੰਧਨ ਤੋੜੇ ਹੈਨ ਸੋਈ

1. *ਸ਼ੁੱਧ ਪਾਠ ਹੈ:* ਬੰਧਨ ਤੋੜੈ ਹੋਵੈ ਮੁਕਤੁ॥ ਸੋਈ ਬ੍ਰਹਮਣੁ ਪੂਜਣ ਜੁਗਤੁ॥
(ਸਲੋਕ ਵਾਰਾਂ ਤੇ ਵਧੀਕ, ਮਹਲਾ ੧, 'ਸ੍ਰੀ ਗੁਰੂ ਗ੍ਰੰਥ ਸਾਹਿਬ', ਪੰਨਾ 1411)

ਪੂਜਣ ਜੋਗ ਹੈ। ਤੇ ਪੂਜਾ ਭੀ ਇਕ ਅੰਨ ਜਲ ਬਸਤ੍ਰ ਦੀ ਪੂਜਾ ਸੰਕਲਪ ਸਮੇਤ ਹੈ। ਸੋ ਬ੍ਰਹਮਣ ਮਾਤ੍ਰ ਪੂਜਾ ਦਾ ਭੀ ਅਧਕਾਰੀ ਹੈ। ਪਰ ਜਿਥੇ ਗਿਆਨ ਤੇ ਰਾਜ ਤੇ ਵਡਿਆਈ ਦੇਵਣੀ ਹੈ ਓਥੇ ਗੁਰਮਤਿ ਵਾਲਾ ਸਰਧਾ ਵਾਲਾ ਹੀ ਅਧਿਕਾਰੀ ਹੈ।

ਤੇ ਏਹੁ ਗਿਆਨ ਤੇ ਆਦਿ ਜੁਗਾਦ ਜਗਿਆਸੀ ਸਿਖ ਨੂ ਹੀ ਪ੍ਰਾਪਤਿ ਕਰਦੇ ਆਏ ਹੈਨ। ਪ੍ਰਥਮੈ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਜੋਗ ਸਿਖ ਨੂ ਜੋ ਗਿਆਨ ਦ੍ਰਿੜ ਕੀਤਾ ਤਾਂ ਓਸ ਦੇ ਅਗੇ ਮਥਾ ਟੇਕਿਆ। ਤੇਸੇ ਗੁਰੂ ਅੰਗਦ ਜੀ ਨੇ ਗੁਰੂ ਅਮਰ ਦਾਸ ਜੀ ਨੂ ਸਰੂਪ ਦਾ ਲਾਭ ਬਖਸਿਆ ਤਾਂ ਓਸ ਦੇ ਅਗੇ ਮਥਾ ਟੇਕਿਆ। ਤੈਸੇ ਗੁਰੂ ਅਮਰ ਦਾਸ ਜੀ ਗੁਰੂ ਰਾਮ ਦਾਸ ਜੀ ਨੂ ਗਿਆਨ ਸਪੰਨ ਜਾਣ ਕੈ ਮਥਾ ਟੇਕਿਆ। ਤੈਸੇ ਗੁਰੂ ਰਾਮ ਦਾਸ ਜੀ ਦੇ ਤਿੰਨ ਪੁਤ੍ਰ ਹੈਸਨ। ਪ੍ਰਿਥੀਆ ਤੇ ਮਹਾਦੇਵ। ਪਰ ਗੁਰੂ ਅਰਜਨ ਜੀ ਨੂ ਗਿਆਨ ਸਪੰਨ ਜਾਣ ਕੈ ਮਥਾ ਟੇਕਿਆ। ਤੈਸੇ ਗੁਰੂ ਅਰਜਨ ਜੀ ਨੇ ਗੁਰੂ ਹਰਿਗੋਬਿੰਦ ਜੀ ਨੂ ਗਿਆਨ ਸਪੰਨ ਜਾਣ ਕੈ ਮਥਾ ਟੇਕਿਆ। ਤੈਸੇ ਹੀ ਗੁਰੂ ਹਰਿਗੋਬਿੰਦ ਜੀ ਨੇ ਗੁਰੂ ਹਰਿ ਰਾਇ ਜੀ ਨੂ ਆਤਮ ਗਿਆਨ ਸਪੰਨ ਕਰਿ ਕੈ ਮਥਾ ਟੇਕਿਆ। ਤੈਸੇ ਹੀ ਗੁਰੂ ਹਰਿ ਰਾਇ ਜੀ ਨੇ ਗੁਰੂ ਹਰਿ ਕ੍ਰਿਸਨ ਜੀ ਨੂ ਬਾਲ ਅਵਸਥਾ ਵਿਖੇ ਆਤਮ ਗਿਆਨ ਦੀ ਬੁਧ ਦੇ ਕੇ ਮਥਾ ਟੇਕਿਆ। ਤੈਸੇ ਹੀ ਗੁਰੂ ਹਰਿ ਕ੍ਰਿਸਨ ਜੀ ਗੁਰੂ ਤੇਗ ਬਹਾਦਰ ਜੀ ਨੂ ਗਿਆਨ ਸਪੰਨ ਜਾਣਦੇ ਸਿਨ। ਤਾਂ ਓਨਾ ਬਾਬਾ ਬਕਾਲੇ ਉਚਾਰਨੁ ਕੀਤਾ। ਤੈਸੇ ਹੀ ਗੁਰੂ ਤੇਗ ਬਹਾਦਰ ਜੀ ਦਸਵੇਂ ਪਾਤਸਾਹ ਨੂ ਬ੍ਰਹਮ ਰੂਪ ਜਾਤਾ ਜੋ ਮਾਇਆ ਜਿਸ ਦੇ ਬਿਲਾਸ ਕਰਿ ਕੈ ਵਰਤਦੀ ਹੈ। ਸਭ ਜਗਤ ਜਿਸ ਦੇ ਨਾਉ ਜਾਣਨ ਕਰ ਹੁੰਦਾ ਹੈ। ਤੇ ਜਿਸ ਦੇ ਜਾਤਿਆ ਜਗਤ ਭਰਮ ਮਿਟ ਜਾਂਦਾ ਹੈ। ਜਿਸ ਨੇ ਕ੍ਰਿਸਨ ਅਉਤਾਰ ਧਾਰ ਕੇ ਲੀਲਾ ਪ੍ਰਸੋਤਮ ਹੋ ਵਿਚਰਿਆ ਹੈ।

ਸੋਈ ਹਿੰਦੂਆਂ ਨੂ ਸਸਤ੍ਰ ਫੜਾਇ ਕੈ ਤੇ ਗਿਆਨੁ ਬ੍ਰਿਤ ਦੇਵੈਗਾ। ਜੋ ਜਗਤ ਨੂ ਝੂਠਾ ਜਾਣਨਗੇ ਤੇ ਵਰਨ ਦਾ ਧਰਮ ਜੁਧ ਕਰ ਕੈ ਪ੍ਰਿਥਮੀ ਦਾ ਰਾਜੁ ਭੋਗਨਗੇ। ਤਾਂ ਸਲੋਕ ਦੇ ਵਿਚ ਬੇਨਤੀ ਕੀਤੀ ਤੇ ਸਾਹਿਬ ਦਸਵੇਂ ਪਾਤਸਾਹ ਵੀਚਾਰਿਆ ਅਗੇ ਕਲਜੁਗ ਦਾ ਸਮਾ ਆਵੈਗਾ। ਇਕਸ ਦੇ ਉਤੇ ਕੋਈ ਪ੍ਰਤੀਤ ਨਾ ਕਰੈਗਾ। ਤਾਂ ਪੰਜ ਸਿਖ ਗਿਆਨ ਸਪੰਨ ਕਰਿ ਕੈ ਪ੍ਰਿਥਮੇ ਓਨਾ ਨੂ ਸਸਤ੍ਰ ਫੜਾਇ ਕੈ ਤੇ ਪਾਹੁਲ ਦਿਤੀ ਤੇ ਬਹੁੜੋ ਓਨਾ ਥੀਂ ਪਾਹਲੁ ਲਈ।

ਬਚਨੁ ਹੋਇਆ ਜੋ ਪਾਹੁਲ ਦੇ ਵਿਚ ਜਲੁ ਅਰੁ ਪਤਾਸੇ ਪਾਏ ਅਰੁ ਕਰਦ ਜੋ ਦੇਵੀ ਦਿਤੀ ਸੀ ਸੋ ਫੇਰੀ। ਤੇ ਸਵਯੇ ਪੜੇ। ਤੇ ਬਾਨੀ ਜੁਧਮਈ ਤੇ ਚਰਿਤ੍ਰਮਈ ਤੇ ਦੇਵੀ ਦੇ ਇਸਤੋਤ੍ਰਮਈ ਤੇ ਗਿਆਨਮਈ ਉਚਾਰਨ ਕੀਤੀ। ਬਚਨ ਹੋਇਆ ਬਾਨੀ ਵਿਚ ਜਲ ਦੀ ਥਾਂ ਤ੍ਰੀਆ ਚਰਿਤ੍ਰ ਪਾਏ ਹੈਨ। ਤੇ ਕਰਦ ਦੀ ਥਾਂ ਸਸਤ੍ਰ ਫੜਾਏ ਹੈਨ। ਤੇ ਜੁਧਮਈ ਬਾਨੀ ਕੀਤੀ ਹੈ। ਤੇ ਉਪਾਸਨਾ ਭਗਤਿ ਦੀ ਥਾਂ ਮਿਠਾਈ ਵਿਚ ਪਾਈ ਹੈ। ਤੇ ਗਿਆਨ ਦੇ ਥਾਂ ਸਵਯੇ ਪਾਏ ਹੈਨ।

ਏਨਾ ਸਿਖਾਂ ਨੂ ਸਾਥ ਹੀ ਰਾਜ ਬਖਸਿਆ ਹੈ ਸਾਥ ਹੀ ਗਿਆਨ ਬਖਸਿਆ ਹੈ। ਇਹ ਵਿਦਿਆ ਤੇ ਭੂਮ ਦੇ ਤੇ ਸਵਰਨ ਦੇ ਤੇ ਦਾਨ ਦੇ ਅਧਕਾਰੀ ਜਾਤੇ ਹੈਨ। ਤੇ ਬਚਨ ਕੀਤਾ ਜੋ ਸਸਤ੍ਰ ਦਾ ਸਬਦ ਦਾ ਤੇ ਦਾਨ ਦਾ ਤਿਆਗ ਨਹੀ ਕਰਨਾ ਜੈਸੇ ਬਡਿਆਂ ਤਪਾਂ ਅਰੁ ਜਗਾਂ ਕਰਿ ਅਗਲੇ ਜੁਗਾਂ ਵਿਚ ਫਲੁ ਹੁੰਦਾ ਸੀ ਸੋ ਤੁਸਾਨੂ ਹੋਵੈਗਾ। ਬਚਨ ਹੋਇਆ

ਜਿਨ ਜਾਤਾ ਸੋ ਤਿਸ ਹੀ ਜੇਹਾ
ਅਤਿ ਨਿਰਮਾਇਲ ਸੀਝਸ ਦੇਹਾ[1]

ਜੈਸੇ ਬੀਜ ਇਕ ਬੋਈਦਾ ਹੈ ਤੇ ਓਸ ਵਿਚੋ ਬ੍ਰਿਛ ਉਤਪਤ ਹੁੰਦਾ ਹੈ। ਤੈਸੇ ਅਸਾਂ ਸਬਦ ਰੂਪੀ ਬੀਜ ਸਿਖਾਂ ਦੇ ਰਿਦੇ ਰੂਪੀ ਸੁਧ ਭੂਮਕਾ ਵਿਖੇ ਬੀਜਿਆ ਹੈ। ਜੋ ਤਾਮਸੀ ਜੁਧ ਕਰਨ ਵਾਲੇ ਸਿਖ ਹੋਵਨਗੇ ਸੋ ਮੁਢ ਇਸਥਾਨੀ ਕਠਨ ਹੋਵਨਗੇ। ਜੁਧ ਕਰਿ ਕੈ ਮਲੇਛਾ ਨੂ ਜੀਤਨਗੇ। ਧਰਮ ਚਲਾਇਨਗੇ। ਤੇ ਜੋ ਸੰਤਾਂ ਸਾਧਾਂ ਦੀ ਸੇਵਾ ਟਹਲ ਕਰਨਗੇ ਸੋ ਪਤ੍ਰਾਂ ਦੀ ਇਸਥਾਨੀ ਸਿਖਾਂ ਨੂ ਆਪਣੀ ਛਾਇ[2] ਕਰ ਸੁਖ ਦੇਵਨਗੇ। ਤੇ ਜੋ ਸਬਦ ਦਾ ਪਾਠ ਸੁਣਨ ਕਰਨਗੇ। ਸੋ ਫੂਲਾਂ ਦੇ ਬੂਰ ਦੀ ਇਸਥਾਨੀ ਸਿਖੀ ਦੀ ਵਾਸਨਾ ਪ੍ਰਾਪਤ ਕਰਨਗੇ। ਤੇ ਜੋ ਗਿਆਨਵਾਨ ਸਿਖ ਹੋਵਨਗੇ ਸੋ ਫਲਾਂ ਦੀ ਇਸਥਾਨੀ ਹੋਵਨਗੇ। ਜੈਸੇ ਫਲ ਪ੍ਰਿਥਮੇ ਕੌੜਾ ਹੁੰਦਾ ਹੈ ਤੇ ਫੇਰ ਬ੍ਰਿਛ ਦੇ ਵਿਚੋਂ ਰਸੁ ਲੈਣੇ ਕਰ ਖਟੇ ਹੁੰਦੇ ਹੈਨ। ਬਹੁੜੋ ਪਰਪਕ ਹੋਇ ਕੇ ਮਿਠੇ ਹੁੰਦੇ ਹੈਨ। ਤਾਂ ਬ੍ਰਿਛ ਥੀਂ ਨਿਆਰੇ ਹੁੰਦੇ ਹੈਨ। ਸੋ ਰਸੀਲੇ ਹੁੰਦੇ ਹੈਨ। ਜੋ ਗਿਆਨਵਾਨ ਸਿਖ ਹੈਨ। ਓਨਾ ਦੀ ਵਡਿਆਈ ਸਵਯਾ ਵਿਚ ਲਿਖੀ ਹੈ। ਕਬੀਰ ਜੀ ਦਾ ਬਚਨ ਹੈ

[3]ਬ੍ਰਹਮਣ ਗੁਰੂ ਹੈ ਜਗਤ ਦਾ ਭਗਤਨ ਕਾ ਗੁਰ ਨਾਹਿ।
ਅਰਝ ਉਰਝ ਕੇ ਪਚ ਮੁਆ ਚਾਰੋ ਵੇਦਾ ਮਾਹਿ।[3]

ਜੇ ਦੇਹ ਅਭਮਾਨੀ ਬ੍ਰਹਮਣ ਮਾਤ੍ਰ ਹੀ ਹੋ ਕੇ ਤੇ ਪੂਜਾ ਕਰਾਂਵਦੇ ਹੈਨ। ਸੋ ਕਰਮ ਕਾਂਡੀਆਂ ਦੇ ਪੂਜਨੀਵ ਹੈਨ ਤੇ ਅਗਿਆਨੀਆਂ ਦੇ ਗੁਰੂ ਹੈਨ। ਓਹੁ ਵੇਦਾਂ ਦੇ ਕਰਮ ਪਖ ਵਿਚ ਹੈਨ। ਤੇ ਜਗਿਆਸੀਆਂ ਦੇ ਪੂਜਨੀਵ ਗਿਆਨੀ ਹੈਨ। ਕਿਓ ਓਹੁ ਚਹੁ ਵੇਦਾਂ ਦਾ ਮੂਰਧਨ ਜੋ ਗਿਆਨ ਹੈ ਓਸ ਵਿਚ ਵਰਤਦੇ ਹੈਨ। ਤੇ ਅਗਿਆਨੀ ਵੇਦਾਂ ਦੇ ਕਰਮ ਕਾਂਡ ਵਿਚ ਉਰਝੇ ਹੀ ਮਰਦੇ ਹੈਨ। ਸੋ ਗਿਆਨਵਾਨਾਂ ਦੇ ਪੂਜੀਨੀਵ ਨਹੀ। ਤੈਨੂ ਜੋ ਸਾਹਿਬ ਕਹਿਆ ਸੀ ਜੋ ਤੈਨੂ ਹੋਮ ਕਰਾਂਗੇ। ਜੋ ਪਛਾਣਦੇ ਸਨ ਜੋ ਦੇਹ ਅਭਿਮਾਨੀ ਹੈ ਕਿ ਆਤਮ ਗਿਆਨਧਨ[4] ਹੈ। ਦੇਹ ਨੂ ਮਿਥਿਆ ਜਾਣਦਾ ਹੈ ਕਿ ਸਤ ਜਾਣਦਾ ਹੈ। ਤੇ ਜਿਨਾਂ ਸਿਖਾਂ ਦੀ ਸੇਵਾ ਕੀਤੀ ਹੈ ਸੋ ਆਤਮ ਗਿਆਨੀ ਹੈਨ। ਤੇ ਬਚਨੁ ਹੈ

[5]ਅਭੈ ਨਿਰੰਜਨ ਪਰਮ ਪਦ ਤਿਸ ਕਾ ਭੀਖਕੁ ਹੋਇ।
ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ।[5]

---

1. *ਸ਼ੁੱਧ ਪਾਠ ਹੈ:* ਜਿਨਿ ਜਾਤਾ ਸੋ ਤਿਸ ਹੀ ਜੇਹਾ॥ ਅਤਿ ਨਿਰਮਾਇਲੁ ਸੀਝਸਿ ਦੇਹਾ॥
(ਰਾਮਕਲੀ ਮਹਲਾ ੧, 'ਸ੍ਰੀ ਗੁਰੂ ਗ੍ਰੰਥ ਸਾਹਿਬ' ਪੰਨਾ 931)
2. ਖਰੜਾ ਜੁੱਟ ਅ 2.1, 2.2; ਬਸਡੇ 23: ਛਾਯਾ/ਛਾਇਆ।
3. *ਸ਼ੁੱਧ ਪਾਠ ਹੈ:* ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥੨੩੭॥
(ਸਲੋਕ ਕਬੀਰ ਜੀ, 'ਸ੍ਰੀ ਗੁਰੂ ਗ੍ਰੰਥ ਸਾਹਿਬ', ਪੰਨਾ 1377)
4. ਖਰੜਾ ਜੁੱਟ ਅ 2.1, ਅ 2.2, ਅ 3.1, ਅ 3.2: ਸਪੰਨ।
5. *ਸ਼ੁੱਧ ਪਾਠ ਹੈ:* ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ॥
ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ॥
(ਵਾਰ ਰਾਮਕਲੀ ਮਹਲਾ ੩, 'ਸ੍ਰੀ ਗੁਰੂ ਗ੍ਰੰਥ ਸਾਹਿਬ' ਪੰਨਾ 949)

[1]ਭੈ ਕਾਹੂ ਕੋ ਦੇਤ ਨਹ ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹ ਪਛਾਨ।[1]

ਤਿਸ ਦਾ ਵੀਚਾਰ

ਜੋ ਗਿਆਨਵਾਨ ਹੈਨ ਕਿਸੇ ਨੂ ਭੈ ਨਹੀ ਦੇਂਦੇ ਤੇ ਨਾ ਕਿਸੇ ਦਾ ਭੈ ਮਾਨਤੇ ਹੈਨ। ਸਭਸ ਨੂ ਆਤਮ ਰੂਪੀ ਜਾਣਦੇ ਹੈਨ। ਤੇ ਨਿਰੰਜਨ ਕਹੀਐ ਜੋ ਮਾਇਆ ਦੇ ਉਪਾਧ ਥੀਂ ਰਹਿਤ ਜੋ ਪਰਮ ਪਦ ਜੋ ਸਰੂਪ ਦਾ ਲਾਭ ਹੈ ਕਈ ਇਕ ਓਸ ਨੂ ਪ੍ਰਾਪਤ ਹੋਏ ਹੈਨ। ਤੇ ਕੇਈ ਇਕ ਓਸ ਦੇ ਭੂਖੇ ਹੈਨ। ਓਨਾ ਦਾ ਭੋਜਨ ਖਵਾਵਣ ਵਾਲੇ ਕੇਈ ਵਿਰਲੇ ਹੈਨ।

ਪ੍ਰਿਥਮੇ ਤਾਂ ਓਨਾ ਦਾ ਭੋਜਨ ਗਿਆਨ ਹੈ। ਓਸ ਨੂ ਵਿਰਲੇ ਪ੍ਰਾਪਤ ਹੁੰਦੇ ਹੈਨ। ਤੇ ਦੂਸਰਾ ਓਨਾ ਦੀ ਸੇਵਾ ਵਾਲੇ ਨੂ ਬਹੁਤ ਲਾਭ ਹੁੰਦਾ ਹੈ। ਜੋ ਉਹ ਖਾਂਦੇ ਹੈਨ ਸੋਈ ਹੋਮ ਹੈ। ਤੇ ਜੋ ਓਹ ਬੋਲਦੇ ਹੈਨ ਸੋਈ ਭਜਨ ਹੈ। ਤੇ ਜੋ ਓਹ ਕਮਾਂਵਦੇ ਹੈਨ ਸੋਈ ਜਗੁ ਹੈ। ਤੇ ਜੋ ਓਹ ਕਰਮੁ ਕਰਦੇ ਹੈਨ ਸੋਈ ਧਰਮੁ ਹੈ। ਤਾਂ ਐਸੇ ਗੁਰੂ ਕੇ ਸਿਖਾਂ ਦੀ ਸਤਿਗੁਰਾਂ ਨੇ ਵਡਿਆਈ ਕੀਤੀ ਹੈ।੧੫੮।

ਸਾਖੀ ਹੋਰੁ ਚਲੀ

ਸਿਖਾਂ ਨੇ ਅਰਦਾਸ ਕੀਤੀ ਜੋ ਗੋਸਟਾਂ ਅਗੇ ਹੋਈਆਂ ਹੈਨ ਸੋ ਛੋਟੇ ਮੇਲ ਵਾਲਿਆਂ ਨੇ ਗੋਸਟ ਵਿਚ ਆਪਣੇ ਮਤ ਦੀਆ ਬਾਤਾਂ ਲਿਖ ਛੋਡੀਆਂ ਹੈਨ। ਜੋ ਬਾਬੇ ਰੰਘੜੀ ਦੀ ਬੇਟੀ ਵਿਵਾਹੀ ਹੈ। ਤੇ ਗੁਰੂ ਨਾਨਕ ਜੀ ਰਾਜੇ ਜਨਕ ਦੇ ਸਿਖ ਹੈਨ। ਐਸੇ ਵਚਨ ਲਿਖ ਕੇ ਤੇ ਗੋਸਟਾਂ ਨੂ ਦੂਖਤ ਕੀਤਾ ਹੈ। ਤਾਂ ਇਸ ਗੋਸਟ ਦੇ ਭੋਗ ਤੇ ਮੁੰਦਾਵਣੀ ਲਿਖਦੇ ਹਾਂ। ਤੇ ਸਾਖੀਆ ਸਭ ਗਿਣ ਛੋਡਦੇ ਹਾਂ। ਏਨਾ ਸਾਖੀਆਂ ਥੀਂ ਬਿਨਾਂ ਜੋ ਹੋਰੁ ਸਾਖੀ ਵਿਚ ਕੋਈ ਲਿਖੇ ਨਹੀ। ਇਕ ਸਮੇ ਸਿਖਾਂ ਪੰਜਵੀ ਪਾਤਸਾਹੀ ਥੀਂ ਪ੍ਰਸਨ ਕੀਤਾ ਜੋ ਪੂਜਾ ਦਾ ਅਧਕਾਰੀ ਕੌਨ ਪਾਤ੍ਰ ਹੈ। ਤੇ ਸਾਹਿਬ ਬਚਨੁ ਕੀਤਾ

[2]ਥਾਲ ਵਿਚ ਤ੍ਰੈ ਵਸਤੂ ਪਈਆਂ ਸਤ ਸੰਤੋਖ ਵੀਚਾਰੋ।
ਅੰਮ੍ਰਿਤ ਨਾਮੁ ਠਾਕਰ ਕਾ ਪਾਇਆ ਜਿਸ ਦਾ ਸਭਸੁ ਅਧਾਰੋ।
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ।
ਏਹੁ ਵਸਤੁ ਤਜੀ ਨਹੀ ਜਾਈ ਨਿਤ ਨਿਤ ਰਖੁ ਉਰਧਾਰੋ।
ਤਮ ਸੰਸਾਰ ਚਰਨ ਲਗ ਤਰੀਐ ਸਭ ਨਾਨਕ ਬ੍ਰਹਮ ਪਸਾਰੋ।[2]

---

1. *ਸ਼ੁੱਧ ਪਾਠ ਹੈ:* ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥
(ਸਲੋਕ ਮਹਲਾ ੯, 'ਸ੍ਰੀ ਗੁਰੂ ਗ੍ਰੰਥ ਸਾਹਿਬ', ਪੰਨਾ 1427)

2. *ਸ਼ੁੱਧ ਪਾਠ ਹੈ:* ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥
(ਮੁੰਦਾਵਣੀ ਮਹਲਾ ੫, 'ਸ੍ਰੀ ਗੁਰੂ ਗ੍ਰੰਥ ਸਾਹਿਬ', ਪੰਨਾ 1429)

ਤਿਸ ਦਾ ਵੀਚਾਰ

ਪੂਜਾ ਦਾ ਪਾਤ੍ਰ ਥਾਲ ਓਹ ਹੈ ਜਿਸ ਵਿਚ ਸਤ ਹੈ। ਸਤ ਕਹੀਐ ਸਚ ਬੋਲਣਾ ਤੇ ਸਚ ਕਮਾਵਣਾ। ਤੇ ਦੂਜਾ ਸੰਤੋਖ ਹੈ। ਜੋ ਪ੍ਰਾਲਬਧ ਦੇ ਇਨਸਾਰ ਆਵੈ ਓਸ ਦੇ ਉਪਰ ਸੰਤੋਖੁ ਕਰਨਾ। ਤੀਸਰਾ ਸਬਦ ਨੂ ਸਮਝਣਾ ਤੇ ਵੀਚਾਰਨਾ ਜੋ ਪ੍ਰਮਾਤਮਾ ਸਤ ਹੈ। ਤੇ ਦੇਹ ਆਦਿਕ ਪਦਾਰਥ ਅਸਤ ਹੈਨ। ਤੇ ਅੰਮ੍ਰਿਤ ਰੂਪੀ ਜੋ ਨਾਮ ਨਾਰਾਇਣ ਦਾ ਹੈ। ਜੋ ਨਾਮ ਨੂ ਜਪਨਗੇ ਸੋ ਗਿਆਨੁ ਨੂ ਪ੍ਰਾਪਤ ਹੋ ਕੇ ਓਨਾ ਦਾ ਉਧਾਰੁ ਹੋਵੈਗਾ। ਜੋ ਓਨਾ ਨੂ ਪ੍ਰਸਾਦ ਖਵਾਵਨਗੇ ਬਸਤ੍ਰ ਪਹਿਰਾਵਨਗੇ ਸੇਵਾ ਟਹਿਲ ਕਰਨਗੇ ਸਭਸੇ ਦਾ ਉਧਾਰੁ ਹੋਵੈਗਾ। ਤੇ ਅਗਿਆਨ ਰੂਪੀ ਮਹਾ ਅੰਧਕਾਰ ਸੰਸਾਰ ਹੈ ਸੋ ਓਨਾ ਦੇ ਸੰਗ ਤਰਨਗੇ [1]ਤੇ ਬ੍ਰਹਮ ਗਿਆਨ ਨੂ ਪ੍ਰਾਪਤ ਹੋਵਨਗੇ[1]। ਤੇ ਬ੍ਰਹਮਣ ਜੋ ਪੂਜਨੀਵ ਹੋਏ ਹੈਨ ਸੋ ਭੀ ਤਪਵਾਨ[2] ਗਿਆਨਵਾਨ ਪੂਜਨ ਦੇ ਜੋਗ ਹੈਨ। ਤੇ ਸਧਾਰਨ ਜਾਤ ਮਾਤ੍ਰ ਤਾਂ ਪੂਜਨੀਵ ਨਹੀ। ਤੈਸੇ ਗੁਰੂ ਕੇ ਸਿਖ ਭਜਨੁ ਅਰੁ ਗਿਆਨ ਕਰ ਪੂਜਨੀਵ ਹੈਨ।੧੫੯।

ਸਾਖੀ ਹੋਰੁ ਚਲੀ

ਤਾਂ ਸਿਖਾਂ ਭਾਈ ਮਨੀ ਸਿੰਘ ਜੀ ਹੋਰਾਂ ਥੀਂ ਪੁਛਿਆ ਜੇ ਚਾਰੋ ਗੁਣਾ ਵਾਲੇ ਸਿਖ ਨ ਪਾਏ ਜਾਵਨ। ਤਾਂ ਭਾਈ ਜੀ ਕਹਿਆ ਜੇ ਚਾਰੇ ਗੁਣ ਨਾ ਪਾਏ ਜਾਵਨ ਤਾਂ ਤੀਨ ਗੁਣ ਸਤ ਤੇ ਸੰਤੋਖ ਤੇ ਵੀਚਾਰ ਹੋਵੈਗਾ। ਜੇ ਤਿਨ ਗੁਣ ਭੀ ਨਾ ਹੋਵਨ। ਤਾਂ ਦੁਇ ਗੁਣ ਹੋਵਨ ਸੰਤੋਖ ਅਰੁ ਨਾਮ ਹੋਵੈ। ਜੇ ਦੁਇ ਭੀ ਨਾ ਹੋਵਨ। ਤਾਂ ਇਕ ਨਾਮ ਹੀ ਹੋਵੈ। ਕੈ ਇਕੋ ਸਤ ਹੋਵੈ। ਕੈ ਇਕ ਵੀਚਾਰੁ ਹੋਵੈ। ਕੈ ਇਕ ਸੰਤੋਖ ਹੋਵੈ। ਜਿਉਂ ਜਿਉਂ ਗੁਣਾ ਦੀ ਵਸੇਖਤਾ ਹੁੰਦੀ ਹੈ ਤਿਉਂ ਤਿਉਂ ਪੂਜਨੀਵ ਵਸੇਖ ਹੁੰਦਾ ਹੈ। ਤੇ ਜੇ ਬਿਨਾ ਗੁਣਾ ਦੇ ਪੂਜਾ ਕਰਾਂਵਦਾ ਹੈ ਤਾਂ ਦੁਖ ਪਾਂਵਦਾ ਹੈ। ਬਚਨੁ ਹੈ ਜੋ ਬਿਨਾਂ ਸਤਿਗੁਰੂ ਕੇ ਮਨ ਮੰਨੇ ਗੁਰਸਿਖਾਂ ਪਾਸੋ[3] ਪੂਜਾ ਕਰਾਇਆ ਲੋੜੈ ਸੋ ਜੰਤ ਮਹਾ ਦੁਖ ਪਾਵੈ। ਜੇ ਸਭ ਸਿਖ ਗੁਣਾ ਦੇ ਸਪੰਨ ਨਾ ਹੋਵਨ ਇਕ ਭੀ ਐਸਾ ਸਿਖੁ ਵਿਚ ਹੋਵੈ ਤਾਂ ਓਸ ਸਾਥ ਸਭਣਾ ਦੀ ਪੂਜਾ ਕੀਚੈ। ਬਚਨੁ ਹੈ

[4]ਗੁਰਸਿਖਾ ਦੀ ਭੁਖ ਸਭ ਗਈ।
ਓਸ ਦੇ ਪਿਛੇ ਹੋਰ ਖਾਏ ਘਨੇਰੀ।[4]

---

1. ਇਹ ਵਾਕ ੳ ਵਰਗ ਦੇ ਮੁੱਖ ਖਰੜਿਆਂ ਜਿਵੇ ਤਸਿਬੇ, ਨਿਸੰ 37, ਬਸਡੇ 23; ਗੁਨਾਦੇ 821 ਵਿਚ ਲੋਪ ਹੈ ਜੋ ਇਨ੍ਹਾਂ ਦੇ ਇਕ-ਮੂਲੇ ਹੋਣ ਦਾ ਸੂਚਕ ਹੈ।
2. ਖਰੜਾ ਜੁੱਟ ਅ 3.1, ਅ 3.2: ਵਿਚ ਵਾਧੂ ਪਾਠ 'ਜਾਪਵਾਨ' ਦਿੱਤਾ ਹੈ। ਬੇਦੀ ਅਤੇ ਵਾਤਿਸ਼ ਨੇ ਇਸ ਨੂੰ ਅਪਣਾਇਆ ਹੈ ਪਰ ਸਰੋਤ ਨਹੀਂ ਦੱਸਿਆ। ਬੇਦੀ ਦੇ ਅਧਾਰ ਖਰੜਿਆਂ ਵਿਚ ਇਹ ਵਾਧਾ ਪ੍ਰਾਪਤ ਨਹੀਂ। ਇਹ ਭੁੱਲ ਦੀ ਸੋਧ ਦੇ ਖੇਤਰ ਵਿਚ ਨਹੀਂ ਆਉਂਦਾ। ਸਪੱਸ਼ਟ ਦਖ਼ਲ-ਅੰਦਾਜ਼ੀ ਹੋਣ ਕਰ ਕੇ ਇਹ ਸੋਧ ਰੱਦਣਯੋਗ ਹੈ।
3. ਖਰੜਾ ਜੁੱਟ ਅ 1.1: ਕੋਲੋ।
4. *ਸ਼ੁੱਧ ਪਾਠ ਹੈ:* ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ॥
(ਆਸਾ ਮਹਲਾ ੪, 'ਸ੍ਰੀ ਗੁਰੂ ਗ੍ਰੰਥ ਸਾਹਿਬ', ਪੰਨਾ 451)

ਤਿਸ ਦਾ ਵੀਚਾਰੁ

ਜੋ ਗੁਰੂ ਕੇ ਸਿਖ ਸਤਿ ਸੰਤੋਖ ਅਰੁ ਵੀਚਾਰੁ ਨਾਮ ਨੂ ਪ੍ਰਾਪਤਿ ਹੋਏ ਹੈਨ ਤੇ ਜਗਤ ਨੂ ਓਨਾ ਅਸਾਰ ਜਾਤਾ ਹੈ ਤਾਂ ਓਨਾ ਦੀ ਸਭ ਪਦਾਰਥਾਂ ਦੀ ਭੁਖ ਦੂਰ ਹੋ ਗਈ ਹੈ। ਓਨਾ ਦੇ ਪਿਛੇ ਸਭ ਪਈ ਖਾਂਦੀ ਹੈ। ਜੈਸੇ ਗਊ ਦੁਧੁ ਵਛੇ ਵਾਸਤੇ ਸੰਚਦੀ ਹੈ ਤੇ ਓਸ ਦਾ ਸਦਕਾ ਸਾਰਾ ਜਗਤੁ ਭੁੰਚਦਾ ਹੈ। ਤੇ ਜੇ ਏਨਾ ਗੁਣਾ ਵਾਲਾ ਬ੍ਰਹਮਣ ਹੋਵੈ ਸੋ ਭੀ ਪੂਜਨੀਵ ਹੈ। ਜੇ ਤਾਂ ਬ੍ਰਹਮਣ ਭੀ ਅਗਿਆਨੀ ਹੈ ਤੇ ਸਿਖ ਭੀ ਅਗਿਆਨੀ ਹੈ ਤਾਂ ਦੋਨੋ ਅਵਸ ਮਾਤ੍ਰ ਖੁਧਿਅਰਥੀ ਹੋਵਨ ਤਾਂ ਪ੍ਰਸਾਦ ਖੁਵਾਵਣਾ। ਤੇ ਜੇ ਨੰਗਾ ਹੋਵੈ ਤਾਂ ਬਸਤ੍ਰ ਪਹਰਾਵਨਾ। ਗੁਰ ਤ੍ਰਿਪਤੇ ਜਾਂ ਸਿਖ ਮੁਖ ਪਾਇ। ਪੂਜਾ ਦੋਨੋ ਕੀ ਸਮਾਨ ਕਰਨੀ। ਤੇ ਜੇ ਬ੍ਰਹਮਣ ਗਿਆਨਵਾਨ ਹੋਵੈ ਤੇ ਸਿਖ ਅਗਿਆਨੀ ਹੋਵੈ ਤਾਂ ਬ੍ਰਹਮਣ ਪੂਜਨੀਵ ਹੈ। ਤੇ ਜੇ ਸਿਖ ਗਿਆਨਵਾਨ ਹੋਵੈ ਤੇ ਬ੍ਰਹਮਣ ਅਗਿਆਨੀ ਹੋਵੈ ਤਾਂ ਸਿਖ ਪੂਜਨੀਵ ਹੈ। ਤੇ ਜੇ ਦੋਨੋ ਗਿਆਨੀ ਹੋਵਨ ਤਾਂ ਦੋਨੋ ਪੁਜਨੀਵ ਹੈਨ। ਪਾਤਰ ਪੂਜਾ ਦਾ ਸੋ ਹੈ ਜੋ ਚਾਰ ਗੁਣ ਸਬਦ ਵਿਚ ਕਹੇ ਹੈਨ ਤਿਨਾਂ ਕਰ ਸਪੰਨ ਹੋਵੈ।

ਤਾਂ ਬ੍ਰਹਮਣ ਕਹਿਆ ਜੋ ਵੇਦਾਂ ਸਾਸਤ੍ਰਾਂ ਤੇ ਪੁਰਾਣਾ ਵਿਚ ਤਾਂ ਬ੍ਰਹਮਣ ਬ੍ਰਹਮਾ ਦਾ ਮੁਖ ਕਹਿਆ ਹੈ। ਪੂਜਨੀਵ ਤਾਂ ਏਹੋ ਹੈ। ਕਿਸੇ ਜਗਾ ਸਿਖ ਦੀ ਪੂਜਾ ਨਹੀ ਕਹੀ। ਤਾਂ ਭਾਈ ਨੰਦ ਲਾਲ ਕਹਿਆ ਜੈਸੇ ਤੁਸਾਂ ਨੂ ਪੁਰਾਣਾ ਸਾਸਤ੍ਰਾਂ ਤੇ ਪਰਤੀਤ ਹੈ ਤੈਸੇ ਸਿਖਾਂ ਨੂ ਗੁਰਾਂ ਦੇ ਵਚਨਾ ਤੇ ਪਰਤੀਤ ਹੈ। ਬਚਨੁ ਹੈ ਜੇ ਕੋਈ ਸਿਖ ਨੂ ਪ੍ਰਸਾਦ ਖਵਾਂਵਦਾ ਹੈ ਤੇ ਵਾਹਗੁਰੂ ਕਹਿ ਕੇ ਓਹ ਮੁਹ ਪਾਂਵਦਾ ਹੈ ਤਾਂ ਸਤਿਗੁਰ ਪ੍ਰਸੰਨ ਹੁੰਦਾ ਹੈ। ਤੇ ਕਹਿਆ ਹੈ ਜੋ ਗਿਆਨੀ ਦੇ ਸਭੇ ਨਾਉ ਹੈਨ। ਬ੍ਰਹਮਣ ਓਸ ਨੂ ਬ੍ਰਹਮ ਕਰਿ ਕਹਿੰਦੇ ਹੈਨ। ਤੇ ਸੰਨਿਆਸੀ ਓਸ ਨੂ ਸੰਨਿਆਸੀ ਕਹਿੰਦੇ ਹੈਨ। ਤੇ ਜੋਗੀ ਓਸ ਨੂ ਜੋਗੀ ਕਹਿੰਦੇ ਹੈਨ। ਤੇ ਸਿਖ ਉਸ ਨੂ ਗੁਰਮੁਖ ਕਹਿੰਦੇ ਹੈਨ। ਸਭੇ ਗਿਆਨੀ ਦੇ ਨਾਮ ਹੈਨ।

ਜੇ ਦੇਹ ਕਰਿ ਬ੍ਰਹਮਣ ਕਹੀਐ ਤਾਂ ਦੇਹਾਂ ਪੰਜਾਂ ਤਤਾਂ ਦੀਆਂ [1]ਸਭਨਾ ਦੀਆਂ[1] ਹੈਨ। ਨਾਉ ਕਰਿ ਬ੍ਰਹਮਣ ਕਹੀਐ ਤਾਂ ਨਾਓ ਚਾਰੇ ਵਰਨਾ ਦੇ ਇਕੋ ਜਿਹੇ ਹੁੰਦੇ ਹੈਨ। ਜੇ ਜਾਤ ਕਰ ਬ੍ਰਹਮਣ ਕਹੀਐ ਤਾ ਜਾਤਾਂ ਇਕੋ ਜੇਹੀਆ ਚਾਰੋ ਵਰਨਾ ਵਿਚ ਪਾਈਆਂ ਜਾਂਦੀਆਂ ਹੈਨ। ਜੇ ਬ੍ਰਹਮਣ ਤੇ ਬ੍ਰਹਮਣੀ ਦੇ ਘਰ ਜਨਮ ਹੋਵਣ ਕਰਿ ਬ੍ਰਹਮਣ ਹੋਵੈ ਤਾਂ ਬ੍ਰਹਮਾ ਕੌਲ ਵਿਚੋਂ ਉਤਪਤ ਹੋਇਆ ਹੈ। ਵਿਆਸ ਮਛੋਦਰੀ ਥੀਂ ਉਤਪਤ ਹੋਇਆ ਹੈ। ਸਿੰਗੀ ਰਿਖੁ ਮ੍ਰਿਗੀ ਥੀਂ ਉਤਪਤ ਹੋਇਆ। [2]ਤਾਂ ਤੇ ਜਿਨ ਬ੍ਰਹਮ ਨੂ ਪਛਾਨਿਆ ਹੈ ਸੋਈ ਬ੍ਰਹਮਣ[2] ਹੈ। ਕਬੀਰ ਜੀ ਦਾ ਬਚਨੁ ਹੈ

[3]ਕਹਿਤ ਕੰਬੀਰ ਜੋ ਬ੍ਰਹਮੁ ਵੀਚਾਰੇ।
ਸੋ ਬ੍ਰਹਮਣ ਕਹੀਅਤ ਹੈ ਹਮਾਰੇ।[3]

ਤਾਂ ਤੇ ਜੋ ਬ੍ਰਹਮ ਗਿਆਨੀ ਹੈਨ ਸੋਈ ਪੂਜਨੀਵ ਹੈਨ। ਤਾਂ ਬ੍ਰਹਮਣ ਪ੍ਰਸਨ

---

1. ਨਿਸੰ 37, ਬਸਡੇ 23, ਤਸਿਬੇ x: ਪਾਠ ਲੋਪ ਹੈ।
2. ਖਰੜਾ ਜੁੱਟ ਅ 2.1, ਅ 2.2: ਸੋਈ ਬ੍ਰਹਮਣ ਹੈ ਜਿਨ ਬ੍ਰਹਮ ਨੂੰ ਪਛਾਣਿਆ ਹੈ।
3. *ਸ਼ੁੱਧ ਪਾਠ ਹੈ:* ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥੪॥
(ਗਉੜੀ ਕਬੀਰ ਜੀ, 'ਸ੍ਰੀ ਗੁਰੂ ਗ੍ਰੰਥ ਸਾਹਿਬ', ਪੰਨਾ 324)

ਕੀਤਾ ਜੋ ਜਿਵੇ ਪੁਰਾਣਾ ਵਿਚ ਚਾਰ ਵਰਨ ਹੈਨ ਚਾਰ ਆਸਰਮ ਹੈਨ ਤੈਸੇ ਹੀ ਕੋਈ ਸਿਖਾਂ ਦਾ ਭੀ ਵਰਨ ਆਸਰਮ ਹੈ ਕੇ ਨਹੀ।

ਤਾਂ ਬਚਨ ਹੋਇਆ ਵਿਵਹਾਰ ਵਿਚ ਤਾਂ ਸਭੇ ਵਰਨ ਆਸ੍ਰਮ ਏਨਾ ਦੇ ਹੈਨ। ਤੇ ਪਰਮਾਰਥ ਵਿਚ ਦੁਇ ਵਰਨ ਆਸ੍ਰਮ ਹੈਨ। ਤੇ ਵਾਸਤਵ ਕੋਈ ਵਰਨ ਆਸ੍ਰਮ ਨਹੀ। ਤਾਂ ਓਨਾ ਕਹਿਆ ਖੋਲ ਕੇ ਕਹੋ ਜੋ ਵਰਨ ਆਸ੍ਰਮ ਹੈਨ ਕਿਉਂ ਕਰਿ ਅਰ ਨਹੀ ਕਿਉਂ ਕਰਿ। ਤਾ ਭਾਈ ਨੰਦ ਲਾਲ ਜੀ ਕਹਿਆ ਜੋ ਸਬਦ ਦਾ ਅਭਿਆਸ ਅਠੇ ਪਹਰ ਕਰਦੇ ਹੈਨ ਸੋ ਬ੍ਰਹਮਣ ਹੈਨ। ਤੇ ਜੋ ਖੜਗ ਤੇ ਸਸਤ੍ਰ ਪਕੜਦੇ ਹੈਨ ਸੋ ਖਤ੍ਰੀ ਹੈਨ। ਜੋ ਬਾਪਾਰ ਖੇਤੀ ਕਰਦੇ ਹੈਨ ਸੋ ਵੈਸ ਹੈਨ। ਤੇ ਇਕ ਦੂਜੇ ਦੀ ਨਿੰਦਾ ਤੇ ਪਰਸਪਰ ਵਿਰੋਧ ਕਰਦੇ ਹੈਨ ਸੋ ਸੂਦਰ ਹੈਨ। ਏਹੁ ਤਾਂ ਚਾਰ ਵਰਨ ਹੈਨ। ਤੇ ਚਾਰ ਆਸ੍ਰਮ ਕਿਉਂ ਕਰ ਹੈਨ। ਜੋ ਤਾਂ ਸਬਦ ਦਾ ਵੀਚਾਰ ਤੇ ਅਲਪ ਅਹਾਰ ਕਰਦੇ ਹੈਨ ਸੋ ਬ੍ਰਹਮਚਾਰੀ ਹੈਨ। ਤੇ ਜੋ ਗ੍ਰਿਸਤ ਵਿਚ ਸਿਖਾਂ ਦੀ ਸੇਵਾ ਕਰਦੇ ਹੈਨ ਇਸਤ੍ਰੀਆਂ ਪੁਤ੍ਰਾਂ ਸਮੇਤ ਸੋ ਗ੍ਰਿਸਤੀ ਹੈਨ। ਜੋ ਤਪ ਕਰਦੇ ਹੈਨ ਸੋ ਬਾਨਪ੍ਰਸਤੀ ਹੈਨ। ਤੇ ਜੋ ਗਿਆਨਵਾਨ ਹੈਨ ਸੋ ਸੰਨਿਆਸੀ ਹੈਨ।

ਤੇ ਦੁਇ ਵਰਨ ਆਸ੍ਰਮ ਕਿਉ ਕਰ ਹੈਨ। ਇਕ ਗੁਰਮੁਖ ਹੈਨ ਤੇ ਇਕ ਮਨਮੁਖ ਹੈਨ। ਜਿਨਾਂ ਵਿਕਾਰ ਥੀ ਮੁਖ ਫੇਰ ਕੇ ਸਬਦ ਵਲ ਕੀਤਾ ਹੈ ਸੋ ਗੁਰਮੁਖ ਹੈਨ। ਸੋ ਉਤਮ ਵਰਨ ਹੈ। ਜਿਨਾਂ ਗੁਰਾਂ ਦੇ ਸਬਦ ਵਲ ਧਿਆਨ ਨਹੀ ਕੀਤਾ ਸੋ ਮਨਮੁਖ ਹੈਨ। ਸੋਈ ਨੀਚ ਹੈਨ ਜਿਨਾਂ ਦਾ ਦੇਹ ਦੇ ਰਸਾਂ ਵਲ ਧਿਆਨ ਹੈ। ਸੋ ਤਾਂ ਦੇਹ ਅਨਿਤ ਹੈ। ਤੇ ਵਾਸਤਵ ਬੀੜਾ ਜੋ ਹੁੰਦਾ ਹੈ ਸੋ ਪਾਨ ਕਥ ਸੁਪਾਰੀ ਚੂਨਾ ਆਪਣੇ ਰੰਗ ਛਡਦਾ ਹੈ ਤਾਂ ਲਾਲ ਰੰਗ ਓਸ ਦਾ ਹੁੰਦਾ ਹੈ। ਤੈਸੇ ਜੋ ਸਿਖ ਆਪਣਾ ਅਭਮਾਨ ਕਿਰਿਆ ਦਾ ਛਡਦੇ ਹੈਨ ਸੋਈ ਗੁਰਮੁਖ ਹੁੰਦੇ ਹੈਨ।੧੬੦।

ਬੋਲਹੁ ਭਾਈ ਵਾਹਗੁਰੂ

ਸਾਖੀਆਂ ਪੂਰੀਆਂ ਹੋਈਆਂ। ਸਮਾਪਤ ਮਸਤੁ ਸੁਭ ਮਸਤੁ।

ਸਾਖੀਆ ਦਾ ਤਤਕਰਾ।

ਪਾਤਿਸਾਹੀ ੧ ਪਾਤਿਸਾਹੀ ੨ ਪਾਤਿਸਾਹੀ ੩ ਪਾਤਿਸਾਹੀ ੪ ਪਾਤਿਸਾਹੀ ੫ ਪਾਤਿਸਾਹੀ ੬ ਪਾਤਿਸਾਹੀ ੭ ਪਾਤਿਸਾਹੀ ੮ ਪਾਤਿਸਾਹੀ ੯ ਪਾਤਿਸਾਹੀ ੧੦ ਇਕ ਸੌ ਤੇ ਸਠਿ ਸਾਖੀਆਂ ਪੂਰੀਆਂ ਹੋਈਆਂ। ਬੋਲਹੁ ਵਾਹਗੁਰੂ ਜੀ ਕੇ ਫਤੇ ਹੈ।